## ਅਧਿਆਇ 31

# ਮਿਦਯਾਨੀਆਂ ਦਾ ਨਾਸ

ਇਹ ਅਧਿਆਇ ਸਾਨੂੰ ਪਓਰ ਦੇ ਬਆਲ ਵਿੱਚ ਇਸਰਾਏਲੀਆਂ ਨੂੰ ਪਾਪ ਵਿੱਚ ਫਸਾਉਣ ਵਿੱਚ ਉਨ੍ਹਾਂ ਦੇ ਦੁਆਰਾ ਨਿਭਾਈ ਭੂਮਿਕਾ ਦੀ ਸਜ਼ਾ ਦੇ ਰੂਪ ਵਿੱਚ ਮਿਦਯਾਨੀਆਂ ਦੇ ਨਾਸ ਦਾ ਬਿਰਤਾਂਤ ਦਿੰਦਾ ਹੈ ਜਿਵੇਂ ਅਧਿਆਇ 25 ਵਿੱਚ ਦਰਜ ਹੈ। ਉਸ ਕਹਾਣੀ ਦੇ ਅੰਤ ਵਿਚ, ਪਰਮੇਸ਼ੁਰ ਨੇ ਇਸਰਾਏਲੀਆਂ ਨੂੰ ਕਿਹਾ ਕਿ ਮਿਦਯਾਨੀਆਂ ਨੂੰ "ਸਤਾਓ" ਅਤੇ ਉਨ੍ਹਾਂ ਨੂੰ ਮਾਰੋ (25:17)। ਇਸਰਾਏਲੀਆਂ ਨੂੰ ਯਰਦਨ ਪਾਰ ਕਰਨ ਤੋਂ ਪਹਿਲਾਂ ਇਸ ਹੁਕਮ ਨੂੰ ਪੂਰਾ ਕਰਨ ਦੀ ਲੋੜ ਸੀ।

ਪਰਮੇਸ਼ੁਰ ਦੇ ਹੁਕਮ ਤੇ, 12,000 ਆਦਮੀਆਂ ਦੀ ਇਕ ਫੌਜ਼ ਨੇ ਮਿਦਯਾਨੀਆਂ ਦੀ ਛਾਉਣੀ ਨੂੰ ਨਾਸ ਕਰ ਦਿੱਤਾ। ਜਦੋਂ ਇਸਰਾਏਲੀ ਸੈਨਿਕ ਕੁਝ ਮਿਦਯਾਨੀ ਇਸਤਰੀਆਂ ਅਤੇ ਲੜਕਿਆਂ ਨੂੰ ਘਰ ਲੈ ਆਏ, ਤਾਂ ਮੂਸਾ ਉਨ੍ਹਾਂ ਦੇ ਨਾਲ ਨਾਰਾਜ਼ ਹੋ ਗਿਆ ਅਤੇ ਉਨ੍ਹਾਂ ਨੂੰ ਹਿਦਾਇਤ ਦਿੱਤੀ ਕਿ ਇਨ੍ਹਾਂ ਗੁਲਾਮਾਂ ਨੂੰ ਵੀ ਮਾਰ ਦਿੱਤਾ ਜਾਵੇ। ਸਿਰਫ ਜੁਆਨ ਬੰਦੀ ਇਸਤਰੀਆਂ ਨੂੰ ਜੀਉਂਦਾ ਰਹਿਣ ਦੀ ਇਜਾਜ਼ਤ ਸੀ। ਅਧਿਆਇ ਇਕ ਬਿਰਤਾਂਤ ਨਾਲ ਸਮਾਪਤ ਹੁੰਦਾ ਹੈ ਕਿ ਯੁੱਧ ਵਿਚਲੀ ਲੁੱਟ ਨੂੰ ਪਰਮੇਸ਼ੁਰ ਦੇ ਲੋਕਾਂ ਦੇ ਵਿਚਕਾਰ ਕਿਵੇਂ ਵੰਡਿਆ ਜਾਣਾ ਚਾਹੀਦਾ ਸੀ।

ਮਿਦਯਾਨੀਆਂ ਦੀ ਹਾਰ ਦਾ ਵਰਣਨ ਕਰਨ ਦੇ ਨਾਲ ਨਾਲ, ਅਧਿਆਇ 31 ਯੁੱਧ ਅਤੇ ਲੁੱਟ ਦੀ ਵੰਡ ਨਾਲ ਸੰਬੰਧਤ ਕੁਝ ਨਿਯਮ ਵੀ ਪੇਸ਼ ਕਰਦਾ ਹੈ। ਇਸ ਗੱਲ ਵਿਚ ਕੋਈ ਸ਼ੱਕ ਨਹੀਂ ਸੀ ਕਿ ਇਸ ਦਾ ਉਦੇਸ਼ ਕਨਾਨ ਉੱਤੇ ਜਿੱਤ ਪਾਉਣ ਦੇ ਰਾਹ ਵਿਚ ਅੱਗੇ ਆਉਣ ਵਾਲੀਆਂ ਲੜਾਈਆਂ ਦੇ ਵਿਚ ਇਸਰਾਏਲੀਆਂ ਦਾ ਮਾਰਗ ਦਰਸ਼ਣ ਕਰਨਾ ਸੀ।

## ਯੁੱਧ ਦਾ ਵਿਹਾਰ (31:1-12)

**[1]ਯਹੋਵਾਹ ਮੂਸਾ ਨੂੰ ਬੋਲਿਆ ਕਿ [2]ਇਸਰਾਏਲੀਆਂ ਦਾ ਮਿਦਯਾਨੀਆਂ ਤੋਂ ਬਦਲਾ ਲੈ,
ਫੇਰ ਤੂੰ ਆਪਣੇ ਲੋਕਾਂ ਵਿੱਚ ਜਾ ਰਲੇਂਗਾ। [3]ਤਾਂ ਮੂਸਾ ਪਰਜਾ ਨੂੰ ਬੋਲਿਆ ਕਿ ਆਪਣੇ ਵਿੱਚੋਂ
ਮਨੁੱਖਾਂ ਨੂੰ ਸ਼ਸਤ੍ਰ ਧਾਰੀ ਬਣਾਓ ਤਾਂ ਜੋ ਓਹ ਮਿਦਯਾਨ ਦੇ ਵਿਰੁੱਧ ਚੜ੍ਹਨ ਅਤੇ ਯਹੋਵਾਹ
ਦਾ ਬਦਲਾ ਮਿਦਯਾਨੀਆਂ ਤੋਂ ਲੈਣ। [4]ਇਸਰਾਏਲੀਆਂ ਦਿਆਂ ਸਾਰਿਆਂ ਗੋਤਾਂ ਤੋਂ ਤੁਸੀਂ ਇੱਕ
ਇੱਕ ਹਜ਼ਾਰ ਜੁੱਧ ਕਰਨ ਲਈ ਘੱਲੋ। [5]ਤਾਂ ਇਸਰਾਏਲ ਦਿਆਂ ਹਜ਼ਾਰਾਂ ਵਿੱਚੋਂ ਹਰ ਗੋਤ ਤੋਂ
ਇੱਕ ਹਜ਼ਾਰ ਪੁਚਾਏ ਗਏ ਅਰਥਾਤ ਬਾਰਾਂ ਹਜ਼ਾਰ ਜੁੱਧ ਲਈ ਸ਼ਸਤ੍ਰ ਧਾਰੀ ਸਨ। [6]ਉਪਰੰਤ
ਮੂਸਾ ਨੇ ਉਨ੍ਹਾਂ ਨੂੰ ਗੋਤਾਂ ਪਰਤੀ ਹਜ਼ਾਰ ਹਜ਼ਾਰ ਕਰਕੇ ਨਾਲੇ ਅਲਆਜ਼ਾਰ ਜਾਜਕ ਦੇ ਪੁੱਤ੍ਰ
ਫ਼ੀਨਹਾਸ ਨੂੰ ਜੁੱਧ ਲਈ ਘੱਲਿਆ ਅਤੇ ਪਵਿੱਤ੍ਰ ਅਸਥਾਨ ਦੇ ਭਾਂਡੇ ਨਾਲ ਸਨ ਅਤੇ ਚੌਕਸ
ਕਰਨ ਦੀਆਂ ਤੁਰ੍ਹੀਆਂ ਉਸ ਦੇ ਹੱਥ ਵਿੱਚ ਸਨ। [7]ਸੋ ਓਹ ਮਿਦਯਾਨੀਆਂ ਨਾਲ ਲੜੇ ਜਿਵੇਂ
ਯਹੋਵਾਹ ਨੇ ਮੂਸਾ ਨੂੰ ਹੁਕਮ ਦਿੱਤਾ ਸੀ ਅਤੇ ਉਨ੍ਹਾਂ ਨੇ ਸਾਰੇ ਨਰਾਂ ਨੂੰ ਵੱਢ ਸੁੱਟਿਆ। [8]ਅਤੇ**

**ਉਨ੍ਹਾਂ ਨੇ ਮਿਦਯਾਨ ਦੇ ਰਾਜਿਆਂ ਨੂੰ ਓਹਨਾਂ ਵੱਢਿਆਂ ਹੋਇਆਂ ਦੇ ਨਾਲ ਹੀ ਵੱਢ ਸੁੱਟਿਆ ਅਰਥਾਤ ਅੱਵੀ ਅਤੇ ਰਕਮ ਅਤੇ ਸੂਰ ਅਤੇ ਹੂਰ ਅਤੇ ਰਬਾ, - ਇਨ੍ਹਾਂ ਮਿਦਯਾਨ ਦੇ ਪੰਜਾਂ ਰਾਜਿਆਂ ਨੂੰ ਨਾਲੇ ਬਓਰ ਦੇ ਪੁੱਤ੍ਰ ਬਿਲਆਮ ਨੂੰ ਤੇਗ ਨਾਲ ਵੱਢ ਸੁੱਟਿਆ। [9]ਅਤੇ ਇਸਰਾਏਲੀਆਂ ਨੇ ਮਿਦਯਾਨ ਦੀਆਂ ਤੀਵੀਆਂ ਅਤੇ ਉਨ੍ਹਾਂ ਦੇ ਨਿਆਣਿਆਂ ਨੂੰ ਬੰਧੂਏ ਬਣਾ ਲਿਆ ਅਤੇ ਉਨ੍ਹਾਂ ਦੇ ਸਾਰੇ ਡੰਗਰ ਅਤੇ ਉਨ੍ਹਾਂ ਦੇ ਸਾਰੇ ਵੱਗ ਅਤੇ ਉਨ੍ਹਾਂ ਦਾ ਸਾਰਾ ਲਕਾ ਤੁਕਾ ਲੁੱਟ ਲਿਆ। [10]ਅਤੇ ਉਨ੍ਹਾਂ ਦੇ ਸਾਰੇ ਸ਼ਹਿਰਾਂ ਨੂੰ ਜਿਨ੍ਹਾਂ ਵਿੱਚ ਓਹ ਵੱਸਦੇ ਸਨ ਅਤੇ ਉਨ੍ਹਾਂ ਦੀਆਂ ਸਾਰੀਆਂ ਛਾਉਣੀਆਂ ਨੂੰ ਅੱਗ ਨਾਲ ਫੂਕ ਦਿੱਤਾ। [11]ਅਤੇ ਉਨ੍ਹਾਂ ਨੇ ਲੁੱਟ ਦਾ ਸਾਰਾ ਮਾਲ ਅਤੇ ਸਾਰੇ ਬੰਧੂਏ ਕੀ ਮਨੁੱਖ ਕੀ ਡੰਗਰ ਲੈ ਲਏ। [12]ਅਤੇ ਓਹ ਮੂਸਾ ਅਤੇ ਅਲਆਜ਼ਾਰ ਜਾਜਕ ਅਤੇ ਇਸਰਾਏਲੀਆਂ ਦੀ ਮੰਡਲੀ ਕੋਲ ਬੰਧੂਆਂ ਨੂੰ ਅਤੇ ਮਾਲ ਡੰਗਰ ਨੂੰ ਅਤੇ ਲੁੱਟ ਨੂੰ ਡੇਰੇ ਵਿੱਚ ਮੋਆਬ ਦੇ ਮਦਾਨ ਵਿੱਚ ਜਿਹੜਾ ਯਰਦਨ ਉੱਤੇ ਯਰੀਹੋ ਕੋਲ ਹੈ ਲੈ ਆਏ।**

**ਆਇਤਾਂ 1, 2.** ਪਰਮੇਸ਼ੁਰ ਨੇ ਮੂਸਾ ਨੂੰ ਹਿਦਾਇਤ ਦਿੱਤੀ ਕਿ **ਮਿਦਯਾਨੀਆਂ ਤੋਂ ਬਦਲਾ ਲੈ**। ਇਹ ਬਦਲਾ **ਇਸਰਾਏਲੀਆਂ** ਦੇ ਕਾਰਨ ਸੀ, ਪਰ ਜੋ ਇਸ ਪਾਠ ਨੂੰ ਸਵੀਕਾਰ ਕਰਦਾ ਹੈ, ਉਹ ਤਰਕ ਨਹੀਂ ਦੇ ਸਕਦਾ ਕਿ ਇਸਰਾਏਲੀਆਂ ਦੇ ਰਾਹੀਂ ਮਿਦਯਾਨੀਆਂ ਦਾ ਨਾਸ ਇਸਰਾਏਲੀਆਂ ਦਾ ਵਿਚਾਰ ਸੀ। ਪਰਮੇਸ਼ੁਰ ਮਿਦਯਾਨ ਦੇ ਪ੍ਰਤੀ ਯੁੱਧ ਨੂੰ ਭੜਕਾਉਣ ਵਾਲਾ ਸੀ।

ਪਰਮੇਸ਼ੁਰ ਨੇ ਦੱਸਿਆ ਕਿ, ਮੂਸਾ ਦੇ ਰਾਹੀਂ ਇਹ "ਬਦਲਾ" ਪੂਰਾ ਹੋ ਜਾਣ ਤੋਂ ਬਾਅਦ, ਉਹ ਨੇ **ਆਪਣੇ ਲੋਕਾਂ ਵਿੱਚ ਜਾ** ਰਲਣਾ ਸੀ, ਇੱਕ ਇਜ਼ਹਾਰ ਜਿਸ ਦਾ ਅਰਥ ਹੈ ਕਿ ਉਹਨੇ ਮਰ ਜਾਣਾ ਸੀ ਅਤੇ ਆਪਣੇ ਪੁਰ ਵਿੱਚ ਮਿਲ ਜਾਣਾ ਸੀ ਜੋ ਉਸ ਤੋਂ ਪਹਿਲਾਂ ਮਰ ਚੁੱਕੇ ਸਨ।

**ਆਇਤ 3.** ਭਾਵੇਂ ਪਰਮੇਸ਼ੁਰ ਨੇ ਲੋਕਾਂ ਨੂੰ ਬਦਲਾ ਨਾ ਲੈਣ ਦਾ ਹੁਕਮ ਦਿੱਤਾ ਹੈ (ਲੇਵੀਆਂ 19:18; ਕਹਾਉਤਾਂ 25:21, 22; ਵੇਖੋ ਮੱਤੀ 5:38-42; ਰੋਮੀਆਂ 12:19-21), ਇਹ **ਯਹੋਵਾਹ ਦਾ ਬਦਲਾ** ਸੀ। ਪਰਮੇਸ਼ੁਰ ਕੋਲ ਉਨ੍ਹਾਂ ਲੋਕਾਂ ਤੋਂ ਬਦਲਾ ਲੈਣ ਦਾ ਹਰ ਅਧਿਕਾਰ ਹੈ ਜੋ ਉਸ ਦਾ ਵਿਰੋਧ ਕਰਦੇ ਹਨ। ਅਸਲ ਵਿੱਚ, ਸ਼ੁਰੂ ਤੋਂ ਅੰਤ ਤੱਕ, ਪਵਿੱਤਰ ਬਾਈਬਲ, ਇਕ ਸਬਕ ਹੈ ਕਿ ਪਰਮੇਸ਼ੁਰ ਉਨ੍ਹਾਂ ਲੋਕਾਂ ਤੋਂ ਕਿਸ ਤਰ੍ਹਾਂ ਬਦਲਾ ਲੈਂਦਾ ਹੈ ਜੋ ਉਸ ਦੀ ਅਣਆਗਿਆਕਾਰੀ ਕਰਦੇ ਹਨ। ਇਸ ਤੋਂ ਇਲਾਵਾ, ਇਹ ਹਵਾਲਾ ਦਰਸਾਉਂਦਾ ਹੈ ਕਿ ਪਰਮੇਸ਼ੁਰ ਦੇ ਲੋਕਾਂ ਨੂੰ ਨੁਕਸਾਨ ਪਹੁੰਚਾਉਣਾ ਪਰਮੇਸ਼ੁਰ ਨੂੰ ਨੁਕਸਾਨ ਪਹੁੰਚਾਉਣਾ ਹੈ ਅਤੇ ਇਸ ਲਈ ਉਸ ਰਾਹੀਂ ਬਦਲਾ ਲਏ ਜਾਣ ਦੇ ਹੱਕਦਾਰ ਬਣਨਾ ਹੈ।

**ਆਇਤਾਂ 4, 5.** ਪਰਮੇਸ਼ੁਰ ਦੇ ਬਦਲਾ ਲੈਣ ਦੇ ਕੰਮ ਨੂੰ ਮੁਕਾਬਲਤਨ ਛੋਟੀ ਜਿਹੀ ਪ੍ਰਤਿਨਿਧਤਾ ਨੂੰ ਦਿੱਤੀ ਗਈ ਹੈ। **ਸਾਰਿਆਂ ਗੋਤਾਂ ਤੋ ... ਇੱਕ ਹਜ਼ਾਰ**, ਮਿਦਯਾਨੀਆਂ ਦੇ ਵਿਰੁੱਧ ਯੁੱਧ ਕਰਨ ਦੇ ਲਈ, ਕੁੱਲ **ਬਾਰਾਂ ਹਜ਼ਾਰ** ਆਦਮੀਆਂ ਨੂੰ ਚੁਣਿਆ ਗਿਆ ਸੀ।

**ਆਇਤ 6.** ਹਾਲਾਂਕਿ, ਉਹ ਇਕੱਲੇ ਨਹੀਂ ਗਏ ਸਨ; ਕਿਉਂਕਿ **ਅਲਆਜ਼ਾਰ ਜਾਜਕ** ਦਾ **ਪੁੱਤ੍ਰ ਫ਼ੀਨਹਾਸ** ਉਨ੍ਹਾਂ ਦੇ ਨਾਲ ਸੀ। ਪਰਧਾਨ ਜਾਜਕ ਅਲਆਜ਼ਾਰ, ਸੈਨਿਕਾਂ ਦੇ ਨਾਲ ਨਹੀਂ ਗਿਆ, ਕਿਉਂਕਿ ਜੇਕਰ ਉਹ ਕਿਸੇ ਮੁਰਦਾ ਸਰੀਰ ਦੇ ਸੰਪਰਕ ਵਿੱਚ ਆ ਕੇ ਅਸ਼ੁੱਧ ਹੋ ਜਾਂਦਾ ਤਾਂ ਉਸ ਨੇ ਕੌਮ ਦੇ ਲਈ ਬਿਪਤਾ ਦਾ ਕਾਰਣ ਬਣ ਜਾਣਾ ਸੀ (ਲੇਵੀਆਂ 21:10, 11)। ਰਸਮੀ ਤੌਰ ਤੇ ਸ਼ੁੱਧਤਾ ਦਾ ਸ਼ਾਇਦ ਇਹੀ ਮੁੱਦਾ ਪਰਧਾਨ ਜਾਜਕ ਹਾਰੂਨ ਦੇ ਦਿਨਾਂ ਵਿਚ ਦਾਅ ਤੇ ਲੱਗਿਆ ਹੋਇਆ ਸੀ, ਜਦੋਂ ਉਸ ਦੇ ਪੁੱਤਰ ਅਲਆਜ਼ਾਰ ਨੇ ਉਨ੍ਹਾਂ 250 ਲੋਕਾਂ ਦੇ ਧੂਪਦਾਨਾਂ ਨੂੰ ਲੈਣ ਦੇ ਲਈ ਬੁਲਾਇਆ ਸੀ ਜੋ ਮਰ ਚੁੱਕੇ ਸਨ (16:36-40) ਅਤੇ ਅਲਆਜ਼ਾਰ ਲਾਲ ਗਾਂ ਨੂੰ

ਮਾਰਨ ਦੇ ਲਈ ਤੰਬੂ ਵਿੱਚੋਂ ਬਾਹਰ ਗਿਆ ਸੀ (19:1-10)।

ਯੁੱਧ ਦੇ ਸਮੇਂ ਜਾਜਕ ਦਾ ਕੰਮ ਇਸਰਾਏਲ ਦੀ ਸੈਨਾ ਨੂੰ ਉਤਸ਼ਾਹਿਤ ਕਰਨਾ ਕਿ, ਪਰਮੇਸ਼ੁਰ ਉਨ੍ਹਾਂ ਦੇ ਵੱਲ ਹੈ (ਬਿਵਸਥਾ ਸਾਰ 20:1-4)। ਫ਼ੀਨਹਾਸ ਇਸ ਕੰਮ ਦੇ ਲਈ ਆਦਰਸ਼ ਆਦਮੀ ਸੀ, ਕਿਉਂਕਿ ਉਸ ਨੇ ਪਹਿਲਾਂ ਇਕ ਇਸਰਾਏਲੀ ਪੁਰਖ ਅਤੇ ਇੱਕ ਮਿਦਯਾਨੀ ਇਸਤਰੀ ਨੂੰ ਜੋ ਛਾਉਣੀ ਵਿਚ ਵਿਭਚਾਰ ਕਰ ਰਹੇ ਸਨ, ਮਾਰ ਕੇ ਪਰਮੇਸ਼ੁਰ ਦੇ ਪ੍ਰਤੀ ਆਪਣੇ ਜੋਸ਼ ਦਾ ਪ੍ਰਦਰਸ਼ਣ ਕੀਤਾ ਸੀ (ਗਿਣਤੀ 25:7, 8)।

ਫ਼ੀਨਹਾਸ ਆਪਣੇ ਨਾਲ ਪਵਿੱਤ੍ਰ **ਅਸਥਾਨ ਦੇ ਭਾਂਡੇ ਅਤੇ ਚੌਕਸ ਕਰਨ ਦੀਆਂ ਤੁਰੀਆਂ** ਲੈ ਗਿਆ ਸੀ। "ਪਵਿੱਤ੍ਰ ਭਾਂਡੇ" ਜਾਂ "ਪਵਿੱਤ੍ਰ ਅਸਥਾਨ ਦੇ ਸਮੱਗਰੀ" (NIV) ਦੀ ਪਹਿਚਾਣ ਨਹੀਂ ਦਿੱਤੀ ਗਈ ਹੈ। ਉਨ੍ਹਾਂ ਨੇ ਕੀ ਬਣਾਇਆ ਸੀ ਉਸ ਦੇ ਵਿਸ਼ੇ ਵਿਚ ਕਈ ਸੁਝਾਅ ਦਿੱਤੇ ਗਏ ਸਨ, ਜਿਵੇਂ: ਨੇਮ ਦਾ ਸੰਦੂਕ, ਊਰੀਮ ਅਤੇ ਤੁੰਮੀਮ, ਅਤੇ ਤੰਬੂ ਵਿਚਲੀਆਂ ਛੋਟੀਆਂ ਚੀਜ਼ਾਂ। "ਤੁਰੀਆਂ" ਦੋ ਚਾਂਦੀ ਦੀਆਂ ਤੁਰੀਆਂ ਜੋ ਉਸ ਸਮੇਂ ਇਸਤੇਮਾਲ ਕੀਤੀਆਂ ਜਾਂਦੀਆਂ ਸਨ ਜਦੋਂ ਇਸਰਾਏਲ ਆਪਣੇ ਦੁਸ਼ਮਣਾਂ ਦੇ ਵਿਰੁੱਧ ਯੁੱਧ ਕਰਨ ਦੇ ਲਈ ਜਾਂਦਾ ਸੀ (10:2, 9)।

ਜਾਜਕ, ਪਵਿੱਤਰ ਭਾਂਡਿਆਂ, ਅਤੇ ਤੁਰੀਆਂ ਸੰਕੇਤ ਦਿੰਦੀਆਂ ਹਨ ਕਿ ਉਹ ਯੁੱਧ ਜੋ ਇਸਰਾਏਲ ਕਰ ਰਿਹਾ ਸੀ ਉਹ ਇਕ ਪਵਿੱਤਰ ਯੁੱਧ ਸੀ। ਉਹ ਪਰਮੇਸ਼ੁਰ ਦੇ ਲਈ ਯੁੱਧ ਲੜ ਰਹੇ ਸਨ ਅਤੇ ਉਨ੍ਹਾਂ ਨੂੰ ਵਿਸ਼ਵਾਸ ਸੀ ਕਿ ਜਿੱਤ ਉਨ੍ਹਾਂ ਦੀ ਸੀ।

**ਆਇਤ 7. ਮਿਦਯਾਨੀਆਂ ਨਾਲ** ਲੜਾਈ ਦੇ ਪਰਿਣਾਮ ਕੁਝ ਹੀ ਸ਼ਬਦਾਂ ਵਿਚ ਦੱਸੇ ਗਏ ਹਨ: וַיַּהַרְגוּ כָּל־זָכָר (*ਵੇਯਾਹਰਗੂ ਕੋਲ-ਜ਼ਕਰ*), ਜਿਸ ਦਾ ਅਨੁਵਾਦ ਹੈ ਕਿ **ਅਤੇ ਉਨ੍ਹਾਂ ਨੇ ਸਾਰੇ ਨਰਾਂ ਨੂੰ ਵੱਢ ਸੁੱਟਿਆ**। ਸ਼ਾਇਦ, ਇਹ ਸ਼ਬਦ ਇਕ ਬਹੁਤ ਹੀ ਸੰਖੇਪ ਰਿਪੋਰਟ ਹੈ ਜਿਸ ਨੂੰ ਇਕ ਬਹੁਤ ਹੀ ਵੱਡਾ ਯੁੱਧ ਹੋਣਾ ਚਾਹੀਦਾ ਸੀ (31:10)। ਪਰ, ਸਾਨੂੰ ਇਸ ਭਾਸ਼ਾ ਤੋਂ ਇਹ ਨਹੀਂ ਸਮਝਣਾ ਚਾਹੀਦਾ ਕਿ ਇਸਰਾਏਲੀਆਂ ਨੇ ਮਿਦਯਾਨੀ ਜਾਤੀ ਨੂੰ ਹੀ ਧਰਤੀ ਤੋਂ ਖਤਮ ਕਰ ਦਿੱਤਾ ਸੀ। ਸਪੱਸ਼ਟ ਤੌਰ ਤੇ, ਮਿਦਯਾਨੀ ਹੋਰਨਾਂ ਸਥਾਨਾਂ ਤੇ ਰਹਿ ਰਹੇ ਸਨ, ਕਿਉਂਕਿ ਬਾਅਦ ਵਿਚ ਨਿਆਈਆਂ ਦੇ ਦਿਨਾਂ ਵਿਚ ਉਨ੍ਹਾਂ ਨੇ ਇਸਰਾਏਲ ਉੱਤੇ ਹਮਲਾ ਕੀਤਾ ਸੀ (ਨਿਆਈਆਂ 6-8)। ਮਿਦਯਾਨੀਆਂ ਨੂੰ "ਛੋਟੀਆਂ ਜਾਤੀਆਂ, ਜਿਵੇਂ ਕਿ ਇਸਮਾਏਲੀਆਂ (ਉਤਪਤ 37:28; ਨਿਆਈਆਂ 8:22, 24), ਮੋਆਬੀਆਂ (ਗਿਣਤੀ 22:4, 7), ਅਮਾਲੇਕੀਆਂ (ਨਿਆਈਆਂ 6:3, 33), ਅਤੇ ਏਫਾਹ (ਉਤਪਤ 25:4; ਯਸਾਯਾਹ 60:6) ਦਾ ਇਕ ਵੱਡਾ ਸੰਘ ਕਿਹਾ ਗਿਆ ਹੈ।"[1] ਇਹ ਲੋਕ ਸੀਨਈ, ਨੇਗੇਵ, ਅਤੇ ਟ੍ਰਾਂਸ ਯਰਦਨ ਵਿਚ ਵੱਸਦੇ ਸਨ। ਮਿਦਯਾਨੀ ਜੋ ਮੋਆਬੀਆਂ ਦੇ ਨਾਲ ਸੰਬੰਧ ਰੱਖਦੇ ਹਨ ਉਹ ਇੱਥੇ ਦੱਸੇ ਗਏ ਹਨ।

**ਆਇਤ 8.** ਮਿਦਯਾਨ ਦੇ ਖਿਲਾਫ਼ ਇਸਰਾਏਲ ਦੀਆਂ ਸੈਨਾਵਾਂ ਨੇ ਸਾਰੇ ਆਦਮੀਆਂ ਦੇ ਨਾਲ **ਮਿਦਯਾਨ ਦੇ** ਵਿਰੁੱਧ ਇਸਰਾਏਲੀ ਸੈਨਾਵਾਂ ਨੇ ਮਿਦਯਾਨ ਦੇ ਪੰਜ **ਰਾਜਿਆਂ** ਅਰਥਾਤ **ਅੱਵੀ**, **ਰਕਮ**, **ਸੂਰ**, **ਹੂਰ** ਅਤੇ **ਰਬਾ** ਨੂੰ ਵੀ ਵੱਢ ਸੁੱਟਿਆ। ਇਹ ਰਾਜੇ ਅਮੋਰੀਆਂ ਦੇ ਰਾਜੇ ਸੀਹੋਨ ਦੇ ਅਧੀਨ ਸਨ (ਯਹੋਸ਼ੁਆ 13:21), ਜਿਸ ਨੇ ਅਰਨੋਨ ਦੀ ਵਾਦੀ ਦੇ ਉੱਤਰ ਵਿਚ ਮੋਆਬ ਦੇ ਮੈਦਾਨ ਵਿਚ ਰਾਜ ਕੀਤਾ ਸੀ। ਸੀਹੋਨ ਤੇ ਇਸਰਾਏਲ ਦੀ ਜਿੱਤ ਦਾ ਰਿਕਾਰਡ ਇਸ ਤੋਂ ਪਹਿਲਾਂ ਪੁਸਤਕ ਵਿਚ ਆਇਆ ਹੈ (21:21-26)। ਮਿਦਯਾਨ ਦੇ ਪੰਜਾਂ ਰਾਜਿਆਂ ਵਿੱਚੋਂ ਇਕ, ਹੂਰ, ਕੋਜ਼ਬੀ ਦਾ ਪਿਤਾ ਸੀ, ਉਹ ਇਸਤਰੀ ਜਿਸ ਨੂੰ ਫ਼ੀਨਹਾਸ ਦੇ ਦੁਆਰਾ ਮਾਰ ਦਿੱਤਾ ਗਿਆ ਸੀ ਜਦੋਂ ਉਹ ਇਕ ਇਸਰਾਏਲੀ ਆਦਮੀ ਦੇ ਨਾਲ ਵਿਭਚਾਰ ਕਰ ਰਹੀ ਸੀ (25:7, 8, 15)।

ਇਕ ਹੋਰ ਦੁਰਘਟਨਾ **ਬਓਰ ਦਾ ਪੁੱਤ੍ਰ ਬਿਲਆਮ** ਸੀ (ਅਧਿਆਇ 22-24)। ਅਰਾਮ

ਵਿਚ ਵਾਪਸ ਜਾਣ ਦੀ ਬਜਾਇ, ਉਹ ਉਸ ਖੇਤਰ ਵਿਚ ਰਿਹਾ ਅਤੇ ਉਸ ਯੋਜਨਾ ਨੂੰ ਵਿਕਸਤ ਕੀਤਾ ਜਿਸ ਨੇ ਇਸਰਾਏਲੀਆਂ ਦੀ ਪਾਪ ਵੱਲ ਅਗਵਾਈ ਕੀਤੀ (31:16)।

**ਆਇਤਾਂ 9-11.** ਯੁੱਧ ਵਿਚ ਇਸਰਾਏਲੀਆਂ ਨੇ **ਤੀਵੀਆਂ**, ਨਿਆਣੇ, ਡੰਗਰ, ਅਤੇ **ਸਾਰਾ ਲਕਾ ਤੁਕਾ ਲੁੱਟ** ਲਿਆਂਦਾ। ਉਨ੍ਹਾਂ ਨੇ ਮਿਦਯਾਨੀਆਂ **ਸ਼ਹਿਰਾਂ ... ਸਾਰੀਆਂ ਛਾਉਣੀਆਂ ਨੂੰ ਅੱਗ ਨਾਲ ਫੂਕ ਦਿੱਤਾ**।

**ਆਇਤਾਂ 12.** ਫਿਰ ਉਹ ਇਸਰਾਏਲੀਆਂ ਦੀ ਮੰਡਲੀ ਕੋਲ ... **ਮੋਆਬ ਦੇ ਮਦਾਨ ਵਿੱਚ ਜਿਹੜਾ ਯਰਦਨ ਉੱਤੇ ਯਰੀਹੋ ਕੋਲ ਹੈ ਲੈ ਆਏ**। ਉਨ੍ਹਾਂ ਨੇ ਆਪਣੀ **ਲੁੱਟ ਮੂਸਾ ਅਤੇ ਅਲਆਜ਼ਾਰ ਜਾਜਕ ਅਤੇ ਇਸਰਾਏਲੀਆਂ ਦੀ ਮੰਡਲੀ ਕੋਲ** ਦੇ ਦਿੱਤੀ।

ਮਿਦਯਾਨੀਆਂ ਦੇ ਵਿਨਾਸ਼ ਦੀ ਤੁਲਨਾ ਇਕ ਕੱਟੜਪੰਥੀ ਸਰਜਰੀ ਨਾਲ ਕੀਤੀ ਜਾ ਸਕਦੀ ਹੈ ਜੋ ਕੈਂਸਰ ਦੇ ਮਰੀਜ਼ ਦੀ ਜਾਨ ਬਚਾਉਣ ਦੇ ਲਈ ਲੋੜੀਂਦੀ ਹੋ ਸਕਦੀ ਹੈ। ਉਹ ਕੈਂਸਰ ਜਿਸ ਨੂੰ ਅਫ਼ਸੋਸ ਦੇ ਨਾਲ ਕਨਾਨ ਅਤੇ ਯਰਦਨ ਪਾਰ ਤੋਂ ਦੂਰ ਕਰ ਦਿੱਤਾ ਗਿਆ ਸੀ ਉਹ ਉਹ ਅਬਾਦੀ ਸੀ ਜਿਸ ਦਾ ਪਾਪ ਇਸਰਾਏਲੀਆਂ ਨੂੰ ਨਾਸ ਕਰ ਸਕਦਾ ਸੀ (ਅਤੇ ਉਸ ਨੇ ਲਗਭਗ ਅਜਿਹਾ ਕੀਤਾ ਵੀ)।[2] ਬਾਅਦ ਵਿਚ, ਪਾਠ ਤੋਂ ਪਤਾ ਲੱਗਦਾ ਹੈ ਕਿ ਮਿਦਯਾਨੀਆਂ ਦੇ ਉੱਪਰ ਇਸਰਾਏਲੀਆਂ ਦੀ ਸ਼ਾਨਦਾਰ ਜਿੱਤ ਇਕ ਵੀ ਸੈਨਿਕ ਦੇ ਨੁਕਸਾਨ ਤੋਂ ਬਿਨਾਂ ਪੂਰੀ ਹੋਈ (31:49)।

## ਯੁੱਧ ਦੇ ਨਿਯਮ (31:13-54)

**[13]ਤਾਂ ਮੂਸਾ ਅਤੇ ਅਲਆਜ਼ਾਰ ਜਾਜਕ ਅਤੇ ਮੰਡਲੀ ਦੇ ਸਾਰੇ ਪਰਧਾਨ ਡੇਰੇ ਤੋਂ ਬਾਹਰ ਅੱਗਲਵਾਂਢੀ ਗਏ। [14]ਪਰ ਮੂਸਾ ਦਲ ਦੇ ਸੈਨਾਪਤੀਆਂ ਨਾਲ ਅਰਥਾਤ ਹਜ਼ਾਰਾਂ ਦੇ ਸਰਦਾਰਾਂ ਨਾਲ ਅਤੇ ਸੈਂਕੜਿਆਂ ਦੇ ਸਰਦਾਰਾਂ ਨਾਲ ਜਿਹੜੇ ਜੁੱਧ ਕਰਨ ਗਏ ਕ੍ਰੋਧਵਾਨ ਹੋਇਆ। [15]ਅਤੇ ਮੂਸਾ ਨੇ ਉਨ੍ਹਾਂ ਨੂੰ ਆਖਿਆ, ਕੀ ਤੁਸਾਂ ਸਾਰੀਆਂ ਨਾਰੀਆਂ ਨੂੰ ਜੀਉਂਦੀਆਂ ਰੱਖਿਆ ਹੈ? [16]ਵੇਖੋ, ਏਹ ਓਹ ਹਨ ਜਿਨ੍ਹਾਂ ਨੇ ਇਸਰਾਏਲੀਆਂ ਨੂੰ ਬਿਲਆਮ ਦੀ ਸਲਾਹ ਨਾਲ ਪਓਰ ਦੀ ਗੱਲ ਵਿੱਚ ਯਹੋਵਾਹ ਦੇ ਵਿਰੁੱਧ ਅਪਰਾਧੀ ਬਣਾਇਆ ਤਾਂ ਬਵਾ ਯਹੋਵਾਹ ਦੀ ਮੰਡਲੀ ਵਿੱਚ ਪਈ। [17]ਹੁਣ ਨਿਆਣਿਆਂ ਵਿੱਚੋਂ ਨਰ ਨਿਆਣੇ ਵੱਢ ਸੁੱਟੋ ਅਤੇ ਹਰ ਤੀਵੀਂ ਜਿਹ ਨੇ ਮਨੁੱਖ ਨਾਲ ਸੰਗ ਕੀਤਾ ਹੋਵੇ ਵੱਢ ਸੁੱਟੋ। [18]ਪਰ ਸਾਰੀਆਂ ਕੁਆਰੀਆਂ ਨੂੰ ਜਿਨ੍ਹਾਂ ਨੇ ਕਿਸੇ ਮਨੁੱਖ ਨਾਲ ਸੰਗ ਨਹੀਂ ਕੀਤਾ ਆਪਣੇ ਲਈ ਜੀਉਂਦੀਆਂ ਰੱਖੋ। [19]ਪਰ ਤੁਸੀਂ ਡੇਰੇ ਤੋਂ ਬਾਹਰ ਸੱਤ ਦਿਨ ਟਿਕੋ, ਓਹ ਸਾਰੇ ਜਿਨ੍ਹਾਂ ਨੇ ਕਿਸੇ ਪ੍ਰਾਣੀ ਨੂੰ ਵੱਢਿਆ ਹੋਵੇ ਅਤੇ ਸਾਰੇ ਜਿਨ੍ਹਾਂ ਨੇ ਕਿਸੇ ਵੱਢੇ ਹੋਏ ਨੂੰ ਛੋਹਿਆ ਹੋਵੇ ਤੁਸੀਂ ਸਾਰੇ ਅਤੇ ਤੁਹਾਡੇ ਬੰਧੂਏ ਆਪਣੇ ਆਪ ਨੂੰ ਤੀਜੇ ਦਿਨ ਅਤੇ ਸੱਤਵੇਂ ਦਿਨ ਪਵਿੱਤ੍ਰ ਕਰੋ। [20]ਅਤੇ ਸਾਰੇ ਬਸਤ੍ਰ ਅਤੇ ਸਾਰੇ ਚੰਮ ਦਾ ਸਾਮਾਨ ਅਤੇ ਸਾਰਾ ਪਸ਼ਮੀਨੇ ਦਾ ਕੰਮ ਅਤੇ ਸਾਰੇ ਲੱਕੜੀ ਦੇ ਭਾਂਡੇ ਤੁਸੀਂ ਪਵਿੱਤ੍ਰ ਕਰੋ।**

**[21]ਤਾਂ ਅਲਆਜ਼ਾਰ ਜਾਜਕ ਨੇ ਉਨ੍ਹਾਂ ਜੋਧਿਆਂ ਨੂੰ ਜਿਹੜੇ ਜੁੱਧ ਵਿੱਚ ਗਏ ਸਨ ਆਖਿਆ, ਏਹ ਬਿਵਸਥਾ ਦੀ ਬਿਧੀ ਹੈ ਜਿਹ ਦਾ ਯਹੋਵਾਹ ਮੂਸਾ ਨੂੰ ਹੁਕਮ ਦਿੱਤਾ ਸੀ। [22]ਨਿਰਾ ਸੋਨਾ, ਚਾਂਦੀ, ਪਿੱਤਲ, ਲੋਹਾ, ਜਿਸਤ ਅਤੇ ਸਿੱਕਾ। [23]ਅਰਥਾਤ ਹਰ ਇੱਕ ਸ਼ੈ ਜਿਹੜੀ ਅੱਗ ਵਿੱਚ ਪੈ ਸੱਕੇ ਤੁਸੀਂ ਅੱਗ ਦੇ ਵਿੱਚ ਦੀ ਲੰਘਾਓ ਤਾਂ ਉਹ ਸ਼ੁੱਧ ਹੋਵੇਗੀ। ਤਾਂ ਵੀ ਓਹ ਅਸ਼ੁੱਧਤਾਈ ਦੇ ਜਲ ਨਾਲ ਪਵਿੱਤ੍ਰ ਕੀਤੀ ਜਾਵੇ ਅਤੇ ਜੋ ਕੁਝ ਅੱਗ ਵਿੱਚ ਨਾ ਪੈ ਸੱਕੇ ਤੁਸੀਂ ਪਾਣੀ ਦੇ ਵਿੱਚ ਦੀ ਲੰਘਾਓ। [24]ਅਤੇ ਸੱਤਵੇਂ ਦਿਨ ਤੁਸੀਂ ਆਪਣੇ ਕੱਪੜੇ ਧੋਵੋ ਤਾਂ ਤੁਸੀਂ ਸ਼ੁੱਧ ਹੋਵੋਗੇ, ਏਸ ਦੇ ਮਗਰੋਂ ਤੁਸੀਂ ਡੇਰੇ ਵਿੱਚ ਆਓ।**

25ਫੇਰ ਯਹੋਵਾਹ ਮੂਸਾ ਨੂੰ ਬੋਲਿਆ, 26ਤੂੰ ਅਤੇ ਅਲਆਜ਼ਾਰ ਜਾਜਕ ਅਤੇ ਮੰਡਲੀ ਦੇ
ਪਿਤ੍ਰਾਂ ਦੇ ਘਰਾਣਿਆਂ ਦੇ ਮੁਖੀਏ ਲੁੱਟ ਦੇ ਮਾਲ ਦਾ ਜਿਹੜਾ ਫੜਿਆ ਗਿਆ ਲੇਖਾ ਕਰੇ, ਕੀ
ਆਦਮੀ ਦਾ ਕੀ ਡੰਗਰ ਦਾ। 27ਅਤੇ ਤੂੰ ਲੁੱਟ ਨੂੰ ਦੋ ਹਿੱਸਿਆਂ ਵਿੱਚ ਅਰਥਾਤ ਜੋਧਿਆਂ ਦੇ
ਹਿੱਸੇ ਵਿੱਚ ਜਿਹੜੇ ਲੜਾਈ ਵਿੱਚ ਗਏ ਅਤੇ ਮੰਡਲੀ ਦੇ ਹਿੱਸੇ ਵਿੱਚ ਵੰਡ। 28ਅਤੇ ਤੂੰ ਉਨ੍ਹਾਂ
ਜੋਧਿਆਂ ਤੋਂ ਜਿਹੜੇ ਲੜਾਈ ਵਿੱਚ ਗਏ ਯਹੋਵਾਹ ਲਈ ਕਰ ਲਈਂ ਅਰਥਾਤ ਇੱਕ ਜਾਨ
ਪੰਜ ਸੌ ਵਿੱਚੋਂ ਭਾਵੇਂ ਆਦਮੀਆਂ ਦੀ ਭਾਵੇਂ ਵੱਗ ਦੀ ਭਾਵੇਂ ਗਧਿਆਂ ਦੀ ਭਾਵੇਂ ਇੱਜੜਾਂ ਦੀ।
29ਉਨ੍ਹਾਂ ਦੇ ਅੱਧ ਵਿੱਚੋਂ ਲੈ ਕੇ ਅਲਆਜ਼ਾਰ ਜਾਜਕ ਨੂੰ ਯਹੋਵਾਹ ਦੀ ਚੁੱਕਣ ਦੀ ਭੇਟ ਕਰਕੇ
ਦੇਈਂ। 30ਅਤੇ ਇਸਰਾਏਲੀਆਂ ਦੇ ਅੱਧ ਤੋਂ ਪੰਜਾਹਾਂ ਵਿੱਚੋਂ ਇੱਕ ਲੈ ਭਾਵੇਂ ਆਦਮੀਆਂ ਦਾ ਭਾਵੇਂ
ਵੱਗ ਦਾ ਭਾਵੇਂ ਗਧਿਆਂ ਦਾ ਭਾਵੇਂ ਇੱਜੜ ਦਾ ਅਰਥਾਤ ਸਾਰੇ ਡੰਗਰਾਂ ਦਾ ਅਤੇ ਉਨ੍ਹਾਂ ਨੂੰ
ਲੇਵੀਆਂ ਨੂੰ ਦੇਈਂ ਜਿਹੜੇ ਯਹੋਵਾਹ ਦੇ ਡੇਹਰੇ ਦੀ ਜੁੰਮੇਵਾਰੀ ਰੱਖਦੇ ਹਨ। 31ਜੋ ਕੁਝ ਯਹੋਵਾਹ
ਨੇ ਮੂਸਾ ਨੂੰ ਹੁਕਮ ਦਿੱਤਾ ਸੀ ਉਹ ਅਲਆਜ਼ਾਰ ਜਾਜਕ ਨੇ ਅਤੇ ਮੂਸਾ ਨੇ ਕੀਤਾ।

32ਅਤੇ ਮਾਲ ਡੰਗਰ ਤੋਂ ਬਿਨਾ ਜਿਹੜਾ ਜੋਧਿਆਂ ਨੇ ਲੁੱਟਿਆ ਛੇ ਲੱਖ ਪੰਝੱਤਰ ਹਜ਼ਾਰ
ਭੇਡਾਂ, 33ਬਹੱਤਰ ਹਜ਼ਾਰ ਬਲਦ, 34ਇਕਾਹਟ ਹਜ਼ਾਰ ਗਧੇ, 35ਅਤੇ ਇਨਸਾਨਾਂ ਵਿੱਚੋਂ ਓਹ
ਕੁਆਰੀਆਂ ਜਿਨ੍ਹਾਂ ਨੇ ਮਨੁੱਖ ਨਾਲ ਸੰਗ ਨਹੀਂ ਕੀਤਾ ਸੀ ਸਾਰੀਆਂ ਜਣੀਆਂ ਬੱਤੀ ਹਜ਼ਾਰ
ਸਨ।

36ਅਤੇ ਜੋਧਿਆਂ ਦਾ ਅੱਧ ਗਿਣਤੀ ਅਨੁਸਾਰ ਤਿੰਨ ਲੱਖ ਸੈਂਤੀ ਹਜ਼ਾਰ ਪੰਜ ਸੌ ਭੇਡਾਂ
ਸਨ। 37ਅਤੇ ਯਹੋਵਾਹ ਦੀ ਕਰ ਏਹ ਸੀ, - ਇੱਜੜ ਤੋਂ ਛੇ ਸੌ ਪੰਝੱਤਰ। 38ਅਤੇ ਬਲਦ ਛੱਤੀ
ਹਜ਼ਾਰ ਸਨ ਜਿਨ੍ਹਾਂ ਤੋਂ ਯਹੋਵਾਹ ਦੀ ਕਰ ਬੱਹਤਰ ਸੀ। 39ਗਧੇ ਤੀਹ ਹਜ਼ਾਰ ਪੰਜ ਸੌ ਸਨ
ਜਿਨ੍ਹਾਂ ਤੋਂ ਯਹੋਵਾਹ ਦੀ ਕਰ ਇਕਾਹਟ ਸੀ। 40ਅਤੇ ਇਨਸਾਨ ਸੋਲਾਂ ਹਜ਼ਾਰ ਸਨ ਜਿਨ੍ਹਾਂ ਤੋਂ
ਯਹੋਵਾਹ ਦੀ ਕਰ ਬੱਤੀ ਪ੍ਰਾਣੀ ਸਨ। 41ਤਾਂ ਮੂਸਾ ਨੇ ਉਸ ਕਰ ਨੂੰ ਯਹੋਵਾਹ ਦੀ ਚੁੱਕਣ ਦੀ
ਭੇਟ ਕਰਕੇ ਅਲਆਜ਼ਾਰ ਜਾਜਕ ਨੂੰ ਦਿੱਤਾ ਜਿਵੇਂ ਯਹੋਵਾਹ ਨੇ ਮੂਸਾ ਨੂੰ ਹੁਕਮ ਦਿੱਤਾ ਸੀ।

42ਅਤੇ ਇਸਰਾਏਲੀਆਂ ਦੇ ਅੱਧ ਤੋਂ ਜਿਹੜਾ ਮੂਸਾ ਨੇ ਜੁੱਧ ਕਰਨ ਵਾਲਿਆਂ ਤੋਂ ਵੰਡਿਆ
43ਅਤੇ ਮੰਡਲੀ ਦਾ ਹਿੱਸਾ ਏਹ ਸੀ, - ਭੇਡਾਂ ਤਿੰਨ ਲੱਖ ਸੈਂਤੀ ਹਜ਼ਾਰ ਪੰਜ ਸੌ, 44ਬਲਦ ਛੱਤੀ
ਹਜ਼ਾਰ, 45ਗਧੇ ਤੀਹ ਹਜ਼ਾਰ ਪੰਜ ਸੌ। 46ਇਨਸਾਨ ਸੋਲਾਂ ਹਜ਼ਾਰ। 47ਮੂਸਾ ਨੇ
ਇਸਰਾਏਲੀਆਂ ਦੇ ਅੱਧ ਤੋਂ ਪੰਜਾਹਾਂ ਵਿੱਚੋਂ ਇੱਕ ਭਾਵੇਂ ਆਦਮੀਆਂ ਵਿੱਚੋਂ ਭਾਵੇਂ ਡੰਗਰਾਂ ਵਿੱਚੋਂ
ਲੈ ਕੇ ਓਹ ਲੇਵੀਆਂ ਨੂੰ ਦਿੱਤੇ ਜਿਹੜੇ ਯਹੋਵਾਹ ਦੇ ਡੇਹਰੇ ਦੀ ਜੁੰਮੇਵਾਰੀ ਰੱਖਦੇ ਸਨ ਜਿਵੇਂ
ਯਹੋਵਾਹ ਨੇ ਮੂਸਾ ਨੂੰ ਹੁਕਮ ਦਿੱਤਾ ਸੀ।

48ਤਾਂ ਸੈਨਾਪਤੀ ਜਿਹੜੇ ਸੈਨਾ ਦੇ ਹਜ਼ਾਰਾਂ ਉੱਤੇ ਸਨ ਅਰਥਾਤ ਹਜ਼ਾਰਾਂ ਦੇ ਸਰਦਾਰ
ਅਤੇ ਸੈਂਕੜਿਆਂ ਦੇ ਸਰਦਾਰ ਮੂਸਾ ਕੋਲ ਆਏ। 49ਅਤੇ ਉਨ੍ਹਾਂ ਨੇ ਮੂਸਾ ਨੂੰ ਆਖਿਆ, ਤੁਹਾਡੇ
ਦਾਸਾਂ ਨੇ ਜੁੱਧ ਕਰਨ ਵਾਲਿਆਂ ਦਾ ਲੇਖਾ ਕੀਤਾ ਜਿਹੜੇ ਸਾਡੇ ਹੱਥਾਂ ਵਿੱਚ ਸਨ ਅਤੇ ਸਾਡੇ
ਵਿੱਚੋਂ ਇੱਕ ਮਨੁੱਖ ਵੀ ਨਹੀਂ ਘਟਿਆ। 50ਅਸੀਂ ਯਹੋਵਾਹ ਦਾ ਚੜ੍ਹਾਵਾ ਲਿਆਏ ਹਾਂ, ਜੋ ਕੁਝ
ਹਰ ਇੱਕ ਦੇ ਹੱਥ ਲੱਗਾ ਅਰਥਾਤ ਸੋਨੇ ਦੇ ਗਹਿਣੇ, ਪਜੇਬਾਂ, ਕੜੇ, ਛਾਪਾਂ, ਬਾਲੀਆਂ
ਬਾਜੂਬੰਦ, ਤਾਂ ਜੋ ਅਸੀਂ ਆਪਣੇ ਪ੍ਰਾਣਾਂ ਲਈ ਯਹੋਵਾਹ ਅੱਗੇ ਪਰਾਸਚਿਤ ਕਰੀਏ। 51ਤਾਂ
ਮੂਸਾ ਅਤੇ ਅਲਆਜ਼ਾਰ ਜਾਜਕ ਨੇ ਉਨ੍ਹਾਂ ਤੋਂ ਏਹ ਸਾਰੇ ਘੜਤ ਦੇ ਸੋਨੇ ਦੇ ਗਹਿਣੇ ਲਏ।
52ਅਤੇ ਚੁੱਕਣ ਦੀ ਭੇਟ ਦਾ ਸਾਰਾ ਸੋਨਾ ਜਿਹੜਾ ਉਨ੍ਹਾਂ ਨੇ ਯਹੋਵਾਹ ਲਈ ਚੜ੍ਹਾਇਆ ਸਵਾ ਕੁ
ਪੰਜ ਮਣ ਪੱਕਾ ਸੀ ਜਿਹੜਾ ਹਜ਼ਾਰਾਂ ਦੇ ਸਰਦਾਰਾਂ ਅਤੇ ਸੈਂਕੜਿਆਂ ਦੇ ਸਰਦਾਰਾਂ ਤੋਂ
ਆਇਆ। 53ਜੁੱਧ ਕਰਨ ਵਾਲਿਆਂ ਵਿੱਚੋਂ ਹਰ ਇੱਕ ਨੇ ਆਪਣੇ ਲਈ ਲੁੱਟਿਆ ਸੀ। 54ਤਾਂ

**ਮੂਸਾ ਅਤੇ ਅਲਆਜ਼ਾਰ ਜਾਜਕ ਉਹ ਸੋਨਾ ਹਜ਼ਾਰਾਂ ਅਤੇ ਸੈਂਕੜਿਆਂ ਦੇ ਸਰਦਾਰਾਂ ਤੋਂ ਲੈ ਕੇ ਮੰਡਲੀ ਦੇ ਤੰਬੂ ਵਿੱਚ ਲਿਆਏ ਤਾਂ ਜੋ ਉਹ ਇਸਰਾਏਲੀਆਂ ਲਈ ਯਹੋਵਾਹ ਅੱਗੇ ਇੱਕ ਯਾਦਗਾਰੀ ਹੋਵੇ।**

ਇਸ ਅਧਿਆਇ ਦਾ ਦੂਸਰਾ (ਅਤੇ ਵੱਡਾ) ਹਿੱਸਾ ਮਿਦਯਾਨੀਆਂ ਨੇ ਵਿਰੁੱਧ ਯੁੱਧ ਤੋਂ ਬਾਅਦ ਚਿੰਤਾ ਵਿਚ ਸੀ। 31:13-54 ਦਾ ਮੁੱਖ ਜ਼ੋਰ ਯੁੱਧ ਨਿਯਮਾਂ ਦਾ ਸਪੱਸ਼ਟੀਕਰਨ ਕਰਨਾ ਹੈ, ਜੋ ਖਾਸ ਤੌਰ ਤੇ ਉਸ ਸਮੇਂ ਲਾਗੂ ਹੋਣਾ ਸੀ ਜਦੋਂ ਇਸਰਾਏਲੀ ਕਨਾਨ ਵਿਚ ਪ੍ਰਵੇਸ਼ ਕਰਕੇ ਉੱਥੇ ਆਪਣੀ ਜਿੱਤ ਨੂੰ ਸ਼ੁਰੂ ਕਰਨਾ ਸੀ। ਯੁੱਧ ਦੇ ਹੋਰ ਨਿਯਮ ਬਿਵਸਥਾ ਸਾਰ 20 ਅਧਿਆਇ ਵਿਚ ਪਾਏ ਜਾਂਦੇ ਹਨ।

**ਆਇਤ 13.** ਜਦੋਂ **ਮੂਸਾ ਅਤੇ ਅਲਆਜ਼ਾਰ ਜਾਜਕ**, ਅਤੇ ਇਸਰਾਏਲ ਦੇ ਹੋਰ **ਪਰਧਾਨ** ਵਾਪਸ ਪਰਤਣ ਵਾਲੇ ਯੋਧਿਆਂ ਨੂੰ ਮਿਲਣ ਦੇ ਲਈ **ਡੇਰੇ ਤੋਂ ਬਾਹਰ ਅੱਗਲਵਾਂਢੀ ਗਏ**, ਤਾਂ ਮਹੱਤਵਪੂਰਣ ਨੀਤੀਆਂ ਸਥਾਪਤ ਕੀਤੀਆਂ ਗਈਆਂ। ਜੋ ਪਹਿਲਾ ਸਵਾਲ ਉੱਠਿਆ ਉਹ ਇਹ ਸੀ ਕਿ "ਜੋ ਲੋਕ ਬੰਧੂਆ ਬਣਾ ਕੇ ਲਿਆਏ ਗਏ ਹਨ ਉਨ੍ਹਾਂ ਦੇ ਨਾਲ ਕੀ ਕੀਤਾ ਜਾਵੇ?"

ਕੁਝ ਮਾਮਲਿਆਂ ਵਿਚ, ਇਸਰਾਏਲੀਆਂ ਨੇ ਨਾ ਤਾਂ ਲੁੱਟ ਦਾ ਮਾਲ ਅਤੇ ਨਾ ਹੀ ਬੰਧੂਏ ਲੈਣੇ ਸਨ। ਇਕ ਅਜਿਹਾ ਸ਼ਹਿਰ ਜਿਸ ਨੂੰ, ਉਸ ਦੇ ਲੋਕਾਂ ਅਤੇ ਸਮਾਨ ਦੇ ਨਾਲ ਪੂਰੀ ਤਰ੍ਹਾਂ ਦੇ ਨਾਲ ਨਾਸ ਕੀਤਾ ਜਾਣਾ ਹੁੰਦਾ ਸੀ, ਉਸ ਨੂੰ "ਅਰਪਣ ਕੀਤਾ ਜਾਣਾ" (חֵרֶם, *ਚੈਰਮ)* (ਵੇਖੋ ਯਹੋਸ਼ੁਆ 6:17)।[3] ਕਿਹਾ ਜਾਂਦਾ ਸੀ। "ਪਾਬੰਦੀ" ਹੋਣ ਦੇ ਕਾਰਣ, ਇਸਰਾਏਲ ਨੂੰ ਕੋਈ ਆਰਥਿਕ ਲਾਭ ਨਹੀਂ ਸੀ ਹੁੰਦਾ; ਇਹ ਸਪੱਸ਼ਟ ਸੀ ਕਿ ਯੁੱਧ ਸੱਚਮੁੱਚ ਪਵਿੱਤਰ ਯੁੱਧ ਸੀ।

**ਆਇਤ 14.** ਜਦੋਂ **ਦਲ** ਮਿਦਯਾਨ ਦੇ ਵਿਰੁੱਧ ਲੜਾਈ ਤੋਂ ਬਾਅਦ ਲੁੱਟ ਦੇ ਮਾਲ ਨਾਲ ਪਰਤੇ, ਤਾਂ ਉਹ ਜ਼ਰੂਰ ਉਸ ਜਿੱਤ ਦੇ ਕਾਰਨ ਖੁਸ਼ ਹੋਏ ਹੋਣਗੇ ਜੋ ਪਰਮੇਸ਼ੁਰ ਨੇ ਉਨ੍ਹਾਂ ਨੂੰ ਦਿੱਤੀ ਸੀ। ਪਰ, **ਮੂਸਾ ਸੈਨਾਪਤੀਆਂ ਨਾਲ ... ਕ੍ਰੋਧਵਾਨ ਹੋਇਆ।**

**ਆਇਤਾਂ 15, 16.** ਸੈਨਾ ਨੇ ਉਨ੍ਹਾਂ ਨੂੰ **ਜੀਉਂਦੀਆਂ ਰੱਖਿਆ** ਅਤੇ **ਸਾਰੀਆਂ** [ਮਿਦਯਾਨੀ] **ਨਾਰੀਆਂ** ਨੂੰ ਬੰਦੀ ਬਣਾ ਕੇ ਘਰ ਲੈ ਗਏ। ਇਹ ਨਾਰੀਆਂ, **ਬਿਲਆਮ ਦੀ ਸਲਾਹ** ਦੇ ਕਾਰਣ, ਇਸਰਾਏਲ ਦੇ ਆਦਮੀਆਂ ਦੇ ਲਈ ਪਾਪ ਦਾ ਕਾਰਨ ਬਣ ਗਈਆਂ ਸਨ। ਇਨ੍ਹਾਂ ਨਾਰੀਆਂ ਦੇ ਨਾਲ ਇਸਰਾਏਲੀਆਂ ਦੇ ਪਾਪ ਅਤੇ ਬਾਲ **ਪਓਰ** ਦੀ ਪੂਜਾ ਵਿਚ ਹਿੱਸਾ ਲੈਣ ਦੇ ਕਾਰਣ ਇੱਕ ਭਿਆਨਕ **ਬਵਾ ... ਮੰਡਲੀ ਵਿੱਚ ਪਈ**।

**ਆਇਤਾਂ 17, 18.** ਸਿੱਟੇ ਵਜੋਂ, ਮੂਸਾ ਨੇ ਫੜੇ ਗਏ ਲੋਕਾਂ ਦੇ ਬਾਰੇ ਹੇਠ ਲਿਖੇ ਨਿਯਮਾਂ ਦਾ ਐਲਾਨ ਕੀਤਾ: (1) **ਨਰ** ਨਿਆਣੇ ਵੱਢ ਦਿੱਤੇ ਜਾਣ। (2) **ਹਰ ਤੀਵੀਂ ਜਿਹ ਨੇ ਮਨੁੱਖ ਨਾਲ ਸੰਗ ਕੀਤਾ ਹੋਵੇ** ਵੱਢ ਦਿੱਤੀ ਜਾਵੇ। (3) **ਕੁਆਰੀਆਂ** ਜੀਉਂਦਾ ਰੱਖਿਆ ਜਾਵੇ; ਉਹ ਇਸਰਾਏਲੀਆਂ ਦੇ ਲਈ ਨੌਕਰ, ਧੀਆਂ, ਅਤੇ ਪਤਨੀਆਂ ਬਣ ਸਕਦੀਆਂ ਸਨ ਅਤੇ ਆਪ ਵੀ ਇਸਰਾਏਲੀਆਂ ਦੇ ਰੂਪ ਵਿਚ ਰਹਿ ਸਕਦੀਆਂ ਸਨ (ਵੇਖੋ ਬਿਵਸਥਾ ਸਾਰ 21:10-14)।

ਇਹ ਨਿਯਮ ਜ਼ਰੂਰੀ ਕਿਉਂ ਸਨ? ਪੁਰਾਣੇ ਆਦਮੀ ਇਸਰਾਏਲ ਦੇ ਵਿਰੁੱਧ ਲੜੇ ਸਨ ਅਤੇ ਇਸ ਲਈ ਉਹ ਦੋਸ਼ੀ ਸਨ ਅਤੇ ਮੌਤ ਦੇ ਲਾਇਕ ਸਨ। ਇਸਤਰੀਆਂ (ਇਕ ਵਰਗ ਦੇ ਰੂਪ ਵਿਚ) ਇਸਰਾਏਲੀਆਂ ਨੂੰ ਭਰਮਾਇਆ ਸੀ ਅਤੇ ਉਨ੍ਹਾਂ ਦੇ ਲਈ ਪਾਪ ਦਾ ਕਾਰਣ ਬਣੀਆਂ ਸਨ, ਜਿਸ ਕਾਰਨ 24,000 ਲੋਕਾਂ ਦੀ ਮੌਤ ਹੋ ਗਈ ਸੀ। ਦੋਵਾਂ ਮਾਮਲਿਆਂ ਵਿਚ, ਮਿਦਯਾਨੀਆਂ ਦੇ ਪਾਪ ਨੇ ਮੌਤ ਨੂੰ ਤੈਅ ਕੀਤਾ। ਨਰ ਨਿਆਣੇ ਭਵਿੱਖ ਦੇ ਡਰ ਨੂੰ ਦਰਸਾਉਂਦੇ ਸਨ; ਉਹ ਅਜਿਹੇ ਯੋਧੇ ਬਣ ਸਕਦੇ ਸਨ ਜੋ ਸ਼ਾਇਦ ਇਸਰਾਏਲੀਆਂ ਦੇ ਵਿਰੁੱਧ ਤਲਵਾਰ ਚੁੱਕ ਸਕਦੇ ਸਨ। ਪਰ, ਕੁਆਰੀਆਂ ਨਿਰਦੋਸ਼ ਸਨ, ਉਹ ਲਾਭਦਾਇਕ ਹੋਣਗੀਆਂ ਅਤੇ ਕੌਮ

ਦੇ ਲਈ ਕੋਈ ਖਤਰਾ ਨਹੀਂ ਹੋਣੀਆਂ ਸਨ। ਸਪੱਸ਼ਟ ਤੌਰ ਤੇ, ਜਦੋਂ ਉਨ੍ਹਾਂ ਨੇ ਆਉਣ ਵਾਲੇ ਸਮੇਂ ਵਿਚ ਹੋਣ ਵਾਲੇ ਯੁੱਧਾਂ ਵਿਚ ਕੌਮਾਂ ਨੂੰ ਬੰਦੀ ਬਣਾਉਣਾ ਸੀ ਤਾਂ ਇਸ ਤਰ੍ਹਾਂ ਦਾ ਤਰਕ ਇਸਰਾਏਲ ਨੂੰ ਸੇਧ ਦੇ ਰਿਹਾ ਸੀ।

**ਆਇਤ 19.** ਇਸ ਹਵਾਲੇ ਵਿਚ ਦੂਸਰੇ ਪ੍ਰਸ਼ਨ ਦਾ ਉੱਤਰ ਦਿੱਤਾ ਗਿਆ ਹੈ "ਯੁੱਧ ਦੇ ਦੌਰਾਨ ਮੌਤ ਦੇ ਕਾਰਨ ਸੰਪਰਕ ਵਿਚ ਆਈ ਗੰਦਗੀ ਨੂੰ ਕਿਵੇਂ ਸਾਫ਼ ਕੀਤਾ ਜਾ ਸਕਦਾ ਹੈ?" ਮੂਸਾ ਅਤੇ ਅਲਆਜ਼ਾਰ ਨੇ ਦਿਸ਼ਾ ਨਿਰਦੇਸ਼ ਦਿੱਤੇ। ਪਹਿਲਾ, ਯੋਧੇ **ਡੇਰੇ ਤੋਂ ਬਾਹਰ** ਰਹਿਣ ਅਤੇ **ਸੱਤ ਦਿਨ** ਸ਼ੁੱਧ ਹੋਣ ਦੀਆਂ ਪ੍ਰਕਿਰਿਆਵਾਂ ਵਿੱਚੋਂ ਲੰਘਣ। ਯੋਧੇ ਅਤੇ ਉਨ੍ਹਾਂ ਦੇ ਬੰਧੂਆਂ ਨੇ **ਤੀਜੇ ਅਤੇ ਸੱਤਵੇਂ ਦਿਨ** ਆਪਣੇ ਆਪ ਨੂੰ ਮੌਤ ਦੇ ਕਾਰਨ ਹੋਈ ਕਿਸੇ ਵੀ ਅਸ਼ੁੱਧਤਾ ਤੋਂ ਸ਼ੁੱਧ ਕਰਨਾ ਸੀ (ਵੇਖੋ 19:12, 19)।

**ਆਇਤ 20.** ਦੂਜਾ, ਉਨ੍ਹਾਂ ਨੂੰ **ਸਾਰੇ ਬਸਤ੍ਰ ਅਤੇ ਸਾਰੇ ਚੰਮ ਦਾ ਸਾਮਾਨ ਅਤੇ ਸਾਰਾ ਪਸ਼ਮੀਨੇ ਦਾ ਕੰਮ ਅਤੇ ਸਾਰੇ ਲੱਕੜੀ ਦੇ ਭਾਂਡ ... ਪਵਿੱਤ੍ਰ ਕਰਨ** ਦੀ ਹਿਦਾਇਤ ਦਿੱਤੀ ਗਈ ਸੀ। ਸ਼ੁੱਧ ਕਰਨ ਦੀ ਪ੍ਰਕਿਰਿਆ ਉਸ ਸਮੇਂ ਤੱਕ ਪੂਰੀ ਨਹੀਂ ਸੀ ਹੁੰਦੀ ਜਦੋਂ ਤੱਕ ਸੱਤ ਦਿਨ ਨਹੀਂ ਸੀ ਬੀਤ ਜਾਂਦੇ।

**ਆਇਤਾਂ 21-24.** ਤੀਜਾ, ਉਨ੍ਹਾਂ ਦੇ ਦੁਆਰਾ ਯੁੱਧ ਵਿਚ ਲਿਜਾਈ ਜਾਣ ਵਾਲੀ ਹਰ ਇਕ ਚੀਜ਼ ਨੂੰ ਸ਼ੁੱਧ ਕੀਤਾ ਜਾਣਾ ਸੀ: **ਸੋਨਾ, ਚਾਂਦੀ, ਪਿੱਤਲ, ਲੋਹਾ, ਜਿਸਤ, ਅਤੇ ਸਿੱਕਾ**, ਅਤੇ ਹੋਰ ਚੀਜ਼ਾ ਜੋ **ਅੱਗ ਵਿੱਚ ਪੈ ਸੱਕੇ ਅੱਗ ਦੇ ਵਿੱਚ ਦੀ ਲੰਘਾਓ** ਅਤੇ ਫਿਰ **ਜਲ ਨਾਲ** ਪਵਿੱਤ੍ਰ ਕੀਤੀ ਜਾਣੀ ਚਾਹੀਦੀ ਸੀ। ਆਰ. ਕੇ. ਹੈਰੀਸਨ ਨੇ ਸ਼ੁੱਧ ਕੀਤੇ ਜਾਣ ਦੀ ਪ੍ਰਕਿਰਿਆ ਨੂੰ "ਸ਼ੁੱਧ ਸੈਨੇਟਰੀ ਅਤੇ ਸ਼ੁੱਧਤਾ ਦੇ ਸਿਧਾਂਤਾਂ" ਤੇ ਅਧਾਰਤ ਮੰਨਿਆ। ਧਾਤ ਦੀਆਂ ਵਸਤੂਆਂ ਨੂੰ ਅੱਗ ਦੇ ਵਿੱਚੋਂ ਲੰਘਾਉਣ ਦੇ ਦੁਆਰਾ ਉਨ੍ਹਾਂ ਨੂੰ ਕੀਟਾਣੂ ਰਹਿਤ ਬਣਾਇਆ ਜਾ ਸਕੇਗਾ; ਇਸ ਨਾਲ ਹਰ ਕਿਸਮ ਦੇ ਕਿਟਾਣੂ ਜਾਂ ਬੈਕਟੀਰਿਆ ਮਰ ਜਾਣਾ ਸੀ। ਫਿਰ ਉਨ੍ਹਾਂ ਵਸਤੂਆਂ ਤੇ "ਲਾਲ ਗਾਂ ਦੀ ਸੁਆਹ ਵਾਲੇ ਪਾਣੀ ਦਾ ਛਿੜਕਾਅ ਕੀਤਾ ਜਾਂਦਾ ਸੀ।" ਪਰ, ਜੋ ਵਸਤੂਆਂ ਜਲਣਸ਼ੀਲ ਸਨ ਉਨ੍ਹਾਂ ਨੂੰ "ਸ਼ੁੱਧਤਾ ਦੇ ਪਾਣੀ ਵਿਚ ਭਿੱਜਣ ਲਈ ਰੱਖਿਆ" ਜਾਣਾ ਸੀ।"[4]

ਯੁੱਧ ਵਿਚ ਜਾਣ ਵਾਲੇ ਮਨੁੱਖਾਂ ਦੇ ਗੰਦੇ **ਕੱਪੜੇ ਸੱਤਵੇਂ ਦਿਨ** ਧੋਤੇ ਜਾਣੇ ਸਨ। ਇਸ ਸਭ ਤੋਂ ਬਾਅਦ, ਯੋਧੇ **ਸ਼ੁੱਧ** ਹੋਣੇ ਸਨ ਅਤੇ ਉਹ **ਡੇਰੇ ਵਿੱਚ** ਆ ਸਕਦੇ ਸਨ। ਇਸ ਹਵਾਲੇ ਦਾ ਸੰਦੇਸ਼ ਹੈ ਕਿ ਮੌਤ, ਭਾਵੇਂ ਉਹ ਪਰਮੇਸ਼ੁਰ ਦੇ ਕ੍ਰੋਧ ਦੇ ਕਾਰਨ ਹੋਈ, ਉਸ ਨੇ ਉਸ ਦੇ ਲੋਕਾਂ ਨੂੰ ਅਸ਼ੁੱਧ ਕਰ ਦਿੱਤਾ ਸੀ। ਪਰਮੇਸ਼ੁਰ ਦੇ ਨੇੜੇ ਰਹਿਣ ਵਾਲੇ ਲੋਕਾਂ ਨੂੰ, ਡੇਰੇ ਦੇ ਇਸਰਾਏਲੀਆਂ ਦੇ ਵਾਂਗ, ਅਜਿਹੀ ਅਸ਼ੁੱਧਤਾ ਤੋਂ ਬਚਣਾ ਚਾਹੀਦਾ ਸੀ। ਜੇਕਰ ਉਹ ਮੌਤ ਦੇ ਸੰਪਰਕ ਵਿਚ ਆ ਜਾਣ, ਤਾਂ ਸ਼ੁੱਧਤਾ ਜ਼ਰੂਰੀ ਸੀ। ਅਧਿਆਇ 31 ਵਿਚ ਸ਼ੁੱਧਤਾ ਦੇ ਲਈ ਦਿੱਤੀਆਂ ਗਈਆਂ ਹਿਦਾਇਤਾਂ ਪੁਸਤਕ ਵਿਚਲੀਆਂ ਪਹਿਲੀਆਂ ਜ਼ਰੂਰੀ ਰਸਮਾਂ ਦੇ ਅਨੁਰੂਪ ਹਨ। (ਆਮ ਤੌਰ ਤੇ ਅਸ਼ੁੱਧਤਾ ਦੇ ਵਿਸ਼ੇ ਵਿਚ, ਵੇਖੋ 5:1-4 ਅਤੇ 12:14, 15; ਮੌਤ ਦੇ ਕਾਰਨ ਅਸ਼ੁੱਧਤਾ ਦੇ ਲਈ, ਵੇਖੋ 19:11-22.)

**ਆਇਤਾਂ 25, 26.** ਤੀਸਰਾ ਪ੍ਰਸ਼ਨ ਜਿਸ ਦਾ ਇਸਰਾਏਲੀਆਂ ਨੇ ਸਾਹਮਣਾ ਕਰਨਾ ਸੀ ਉਹ ਸੀ "ਲੁੱਟ ਦੇ ਮਾਲ ਨੂੰ ਕਿਵੇਂ ਵੰਡਿਆ ਜਾਵੇ?" ਸ਼ੁਰੂ ਕਰਨ ਦੇ ਲਈ, ਇਸਰਾਏਲ ਦੇ ਆਗੂ - **ਮੂਸਾ**, **ਅਲਆਜ਼ਾਰ**, **ਅਤੇ ਪਿਤ੍ਰਾਂ ਦੇ ਘਰਾਣਿਆਂ ਦੇ ਮੁਖੀਆਂ** - ਨੇ **ਲੁੱਟ ਦੇ ਮਾਲ ਦਾ ਲੇਖਾ** ਕਰਨਾ ਹੁੰਦਾ ਸੀ। **ਕਬਜ਼ਾ ਕੀਤੀ ਗਈ** ਲੁੱਟ, ਭਾਵੇਂ **ਆਦਮੀ** ਹੋਵੇ ਜਾਂ **ਡੰਗਰ**, ਨਿਰਪੱਖਤਾ ਦੇ ਨਾਲ ਵੰਡਿਆ ਜਾਣਾ ਚਾਹੀਦਾ ਸੀ। 31:11, 12, 26, 27 ਵਿਚ ਸ਼ਬਦ "ਲਾਭ," "ਸ਼ਿਕਾਰ," ਅਤੇ "ਲੁੱਟ" ਦੇ ਅਰਥ ਸਮਾਨ ਹੈ।

**ਆਇਤ 27. ਲੁੱਟ** ਦੇ ਵਿਸ਼ੇ ਵਿਚ ਦੋ ਸਿਧਾਂਤ ਸਥਾਪਤ ਕੀਤੇ ਗਏ ਸਨ। ਪਹਿਲਾ ਜੋ ਉਨ੍ਹਾਂ ਲੋਕਾਂ ਵਿਚ **ਜਿਹੜੇ ਲੜਾਈ ਵਿੱਚ ਗਏ ਅਤੇ ਮੰਡਲੀ ਦੇ ਹਿੱਸੇ ਵਿੱਚ** ਬਰਾਬਰ ਦੀ **ਵੰਡ** ਨਾਲ ਸੰਬੰਧਤ ਹੈ।ਇਹ ਸਿਧਾਂਤ ਬਾਅਦ ਵਿਚ ਦਾਊਦ ਦੀ ਨੀਤੀ ਵਿਚ ਵੇਖਿਆ ਗਿਆ ਹੈ ਕਿ ਜੋ ਲੋਕ ਸਮਾਨ ਦੇ ਕੋਲ ਰੁਕੇ ਸਨ, ਉਨ੍ਹਾਂ ਨੂੰ ਲੜਾਈ ਵਿਚ ਜਾਣ ਵਾਲੇ ਲੋਕਾਂ ਦੇ ਨਾਲ ਸਮਾਨ ਹਿੱਸਾ ਮਿਲਣਾ ਚਾਹੀਦਾ ਹੈ (1 ਸਮੂਏਲ 30:24, 25)।

**ਆਇਤਾਂ 28, 29.** ਦੂਸਰੇ ਸਿਧਾਂਤ ਦੇ ਸੰਬੰਧ ਵਿਚ, ਮੂਸਾ ਨੂੰ ਕਿਹਾ ਗਿਆ ਸੀ ਕਿ ਧਾਰਮਿਕ ਸਥਾਪਨਾ ਦੀ ਹਿਮਾਇਤ ਦੇ ਲਈ ਲੁੱਟ ਦੇ ਦੋਵਾਂ ਹਿੱਸਿਆਂ ਉੱਤੇ ਕਰ ਲਵੇ। ਜੋਧਿਆਂ ਤੋਂ ਜਿਹੜੇ ਲੜਾਈ ਵਿਚ ਗਏ ਯਹੋਵਾਹ ਲਈ ਕਰ ਲਿਆ ਜਾਵੇ ਅਰਥਾਤ ਇਕ ਜਾਨ ਪੰਜ ਸੌ ਵਿੱਚੋਂ ਬੰਦੀ ਬਣਾਏ **ਆਦਮੀਆਂ**, **ਵੱਗ**, **ਗਧਿਆਂ**, **ਅਤੇ ਇੱਜੜਾਂ** ਵਿੱਚੋਂ ਲੈ ਕੇ **ਅਲਆਜ਼ਾਰ ਜਾਜਕ ਨੂੰ, ਯਹੋਵਾਹ ਦੀ ਚੁੱਕਣ ਦੀ ਭੇਟ** ਦੇ ਰੂਪ ਵਿਚ ਦਿੱਤੀ ਜਾਵੇ।

**ਆਇਤਾਂ 30, 31.** ਲੁੱਟ ਦੇ ਦੂਸਰੇ **ਅੱਧ** ਤੋਂ ਬਹੁਤ ਵੱਡੇ ਪੈਮਾਨੇ ਤੇ ਇਸਰਾਏਲੀਆਂ ਦੇ ਨਾਲ ਸਾਂਝਾ ਕੀਤਾ ਜਾਣਾ ਸੀ। ਉਨ੍ਹਾਂ ਵਿੱਚੋਂ, ਅੱਧ ਤੋਂ ਪੰਜਾਹਾਂ ਵਿੱਚੋਂ ਇਕ ਦਾ **ਭਾਵੇਂ ਆਦਮੀਆਂ ਦਾ ਭਾਵੇਂ ਵੱਗ ਦਾ ਭਾਵੇਂ ਗਧਿਆਂ ਦਾ ਭਾਵੇਂ ਇੱਜੜ ਦਾ ਅਰਥਾਤ ਸਾਰੇ ਡੰਗਰਾਂ ਦਾ ਉਨ੍ਹਾਂ ਲੇਵੀਆਂ ਨੂੰ ਦਿੱਤਾ ਜਾਵੇ ਜੋ ਯਹੋਵਾਹ ਦੇ ਡੇਹਰੇ ਦੀ ਜ਼ੁੰਮੇਵਾਰੀ ਰੱਖਦੇ ਹਨ** (1:53)। ਇਹ ਹਵਾਲਾ ਇਸ ਕਥਨ ਦੇ ਨਾਲ ਸਮਾਪਤ ਹੋ ਜਾਂਦਾ ਹੈ ਕਿ **ਜੋ ਕੁਝ ਯਹੋਵਾਹ ਨੇ ਮੂਸਾ ਨੂੰ ਹੁਕਮ ਦਿੱਤਾ ਸੀ ਉਹ ਅਲਆਜ਼ਾਰ ਜਾਜਕ ਅਤੇ ਮੂਸਾ ਨੇ ਕੀਤਾ**।

**ਆਇਤਾਂ 32-35.** ਪੁਸਤਕ ਦੇ ਸੁਭਾਉ ਨੂੰ ਧਿਆਨ ਵਿਚ ਰੱਖਦੇ ਹੋਏ, ਜਿਹੜਾ ਯੋਧਿਆਂ ਨੇ ਮਿਦਯਾਨੀਆਂ ਕੋਲੋਂ **ਲੁੱਟਿਆ** ਉਸ ਲੁੱਟ ਦੀ ਸੂਚੀ ਦਿੱਤੀ ਗਈ ਹੈ: **ਛੇ ਲੱਖ ਪੰਝੱਤਰ ਹਜ਼ਾਰ ਭੇਡਾਂ, ਬਹੱਤਰ ਹਜ਼ਾਰ ਬਲਦ, ਇਕਾਹਠ ਹਜ਼ਾਰ ਗਧੇ, ਅਤੇ ਬੱਤੀ ਹਜ਼ਾਰ ਕੁਆਰੀਆਂ। ਲੁੱਟ** ਦੀ ਵੱਡੀ ਰਾਸ਼ੀ ਅਤੇ ਤੱਥ ਇਹ ਹੈ ਕਿ ਇਸਰਾਏਲ ਦੇ ਇਕ ਵੀ ਯੋਧੇ ਦੀ ਮੌਤ ਨਹੀਂ ਹੋਈ, ਕੁਝ ਲੋਕ ਅਧਿਆਇ 31 ਦੀ ਇਤਿਹਾਸਕਤਾ ਤੇ ਸ਼ੱਕ ਕੀਤਾ ਹੈ। ਭਾਵੇਂ, ਸੀ. ਐੱਫ਼. ਕੀਲ ਅਤੇ ਐੱਫ਼. ਡੀਲਿਟਸਚ ਨੇ ਹੋਰ ਇਤਿਹਾਸਕ ਉਦਾਹਰਣਾਂ ਦਾ ਹਵਾਲਾ ਦਿੱਤਾ ਹੈ ਜਿਸ ਵਿਚ ਸੈਨਾਵਾਂ ਨੇ ਬਿਨਾਂ ਕਿਸੇ ਜਨਹਾਨਿ ਤੋਂ ਬਹੁਤ ਵੱਡਾ ਨੁਕਸਾਨ ਪਹੁੰਚਾਇਆ ਅਤੇ ਇਸ ਗੱਲ ਨੂੰ ਪਰਗਟ ਕੀਤਾ ਕਿ ਨਾ ਹੀ ਬੰਧੂਆਂ ਦੀ ਸੰਖਿਆ ("32,000" ਕੁਆਰੀਆਂ) ਨਾ ਹੀ ਲੁੱਟ ਦੀ ਮਾਤਰਾ ਅਨੁਚਿਤ ਹੈ।[5]

**ਆਇਤਾਂ 36-41.** ਪਹਿਲਾਂ ਵਰਤੇ ਗਏ ਫਾਰਮੂਲੇ ਦੀ ਵਰਤੋਂ ਕਰਦੇ ਹੋਏ, ਲੇਖਕ ਨੇ ਦਿਖਾਇਆ ਕਿ ਦੋਵਾਂ ਸਮੂਹਾਂ ਦੇ ਦੁਆਰਾ ਕਿੰਨੀ ਲੁੱਟ ਪ੍ਰਾਪਤ ਕੀਤੀ ਜਾਵੇਗੀ ਅਤੇ ਪਰਮੇਸ਼ੁਰ ਨੂੰ ਕਿੰਨਾ ਦਿੱਤਾ ਜਾਵੇਗਾ। ਯੁੱਧ ਵਿਚ ਗਏ ਯੋਧਿਆਂ ਵਿਚ ਵੰਡੇ ਗਏ **ਅੱਧ** ਵਿਚ **ਤਿੰਨ ਲੱਖ ਸੈਂਤੀ ਹਜ਼ਾਰ ਪੰਜ ਸੌ ਭੇਡਾਂ** (337,500), **ਛੱਤੀ ਹਜ਼ਾਰ** (36,000), **ਗਧੇ ਤੀਹ ਹਜ਼ਾਰ ਪੰਜ ਸੌ** (30,500) **ਅਤੇ ਇਨਸਾਨ ਸੋਲਾਂ ਹਜ਼ਾਰ** (16,000) ਸ਼ਾਮਲ ਸਨ। ਇਸ **ਅੱਧ** ਵਿੱਚੋਂ ਲੋੜ ਦੇ ਅਨੁਸਾਰ **ਕਰ** ਜੋ **ਅਲਆਜ਼ਾਰ ਜਾਜਕ** ਨੂੰ ਦਿੱਤਾ ਗਿਆ ਸੀ: **ਇੱਜੜ ਛੇ ਸੌ ਪਝੰਤਰ, ਬਲਦ ਬੱਹਤਰ, ਗਧੇ ਇਕਾਹਟ** ਅਤੇ **ਬੱਤੀ ਪ੍ਰਾਣੀ**।

**ਆਇਤਾਂ 42-47. ਡੰਗਰਾਂ ਅਤੇ ਆਦਮੀਆਂ** ਦੀ ਸੂਚੀ ਨੂੰ ਦੁਹਰਾਇਆ ਗਿਆ ਹੈ, ਜੋ ਕਿ **ਇਸਰਾਏਲੀਆਂ ਦੇ ਅੱਧ** ਦੀ ਸੂਚਨਾ ਦਿੰਦਾ ਹੈ। **ਮੂਸਾ ਨੇ ਇਸਰਾਏਲੀਆਂ ਦੇ ਅੱਧ ਤੋਂ ਪੰਜਾਹਾਂ ਵਿੱਚੋਂ ਇੱਕ ਭਾਵੇਂ ਆਦਮੀਆਂ ਵਿੱਚੋਂ ਭਾਵੇਂ ਡੰਗਰਾਂ ਵਿੱਚੋਂ ਲੈ ਕੇ ਲੇਵੀਆਂ ਨੂੰ ਦਿੱਤੇ ... ਜਿਵੇਂ ਯਹੋਵਾਹ ਨੇ ਮੂਸਾ ਨੂੰ ਹੁਕਮ ਦਿੱਤਾ ਸੀ।**

**ਆਇਤਾਂ 48-50.** ਲੁੱਟ ਤੇ ਲਗਾਏ ਕਰ ਤੋਂ ਇਲਾਵਾ, ਇਸਰਾਏਲ ਦੇ ਯੋਧਿਆਂ ਦੇ ਪ੍ਰਧਾਨਾਂ

ਨੇ ਸਵੈ-ਇੱਛਾ ਦੇ ਨਾਲ ਪਰਮੇਸ਼ੁਰ ਦਾ ਧੰਨਵਾਦ ਕਰਨ ਲਈ ਵੀ ਇੱਕ ਭੇਟ ਚੜ੍ਹਾਈ। ਸੈਨਿਕਾਂ ਦਾ **ਲੇਖਾ** ਕਰਨ ਤੋਂ ਬਾਅਦ, **ਸੈਨਾਪਤੀ** ਆਂ ਅਤੇ **ਸਰਦਾ** ਰਾਂ ਨੇ ਪੁਸ਼ਟੀ ਕੀਤੀ ਕਿ ਮਿਦਯਾਨ ਦੇ ਵਿਰੁੱਧ ਯੁੱਧ ਵਿਚ ਇਸਰਾਏਲ ਨੇ ਆਪਣੇ ਇੱਕ ਵੀ ਆਦਮੀ ਨੂੰ ਨਹੀਂ ਗੁਆਇਆ। ਸ਼ੁਕਰਗੁਜ਼ਾਰ ਹੋ ਕੇ, ਇਹ ਆਗੂ ਪਰਮੇਸ਼ੁਰ ਨੂੰ ਚੜ੍ਹਾਉਣ ਦੇ ਲਈ ਹਰ ਤਰ੍ਹਾਂ ਦੇ ਕੀਮਤੀ ਗਹਿਣੇ, **ਸੋਨੇ ਦੇ ਗਹਿਣੇ** ਲੈ ਕੇ ਆਏ। ਉਨ੍ਹਾਂ ਨੇ ਕਿਹਾ ਕਿ ਇਹ **ਚੜ੍ਹਾਵਾ** ਉਹ ਇਸ ਲਈ ਲਿਆਏ ਸਨ ਕਿ **ਯਹੋਵਾਹ ਅੱਗੇ ਆਪਣੇ ਪ੍ਰਾਣਾਂ ਲਈ ਪਰਾਸਚਿਤ** ਕਰ ਸਕਣ। ਉਨ੍ਹਾਂ ਨੂੰ ਕਿਸ ਅਰਥ ਵਿਚ "ਪਰਾਸਚਿਤ ਕਰਨ" ਦੀ ਲੋੜ ਸੀ? ਸ਼ਾਇਦ ਉਹ ਕਿਸੇ ਵੀ ਕਿਸਮ ਦੇ ਪਾਪਾਂ ਦੀ ਮਾਫ਼ੀ ਮੰਗ ਰਹੇ ਸਨ ਜੋ ਉਨ੍ਹਾਂ ਨੇ ਅਣਜਾਣੇ ਵਿਚ ਇਸ ਯੁੱਧ ਦੇ ਸਮੇਂ ਕੀਤੇ ਸਨ। ਜਿਸ ਯੁੱਧ ਵਿਚ ਉਹ ਲੜ ਰਹੇ ਸਨ ਉਹ ਸਹੀ ਸੀ, ਪਰ ਉਨ੍ਹਾਂ ਨੇ ਇਸ ਯੁੱਧ ਦੇ ਸੰਚਾਲਨ ਵਿਚ ਵਿਅਕਤੀਗਤ ਤੌਰ ਤੇ ਕੁਝ ਗਲਤ ਕੀਤਾ ਹੋ ਸਕਦਾ ਹੈ।

**ਆਇਤਾਂ 51-54. ਮੂਸਾ ਅਤੇ ਅਲਆਜ਼ਾਰ ਜਾਜਕ** ਨੇ ਸੈਨਾਪਤੀਆਂ ਦੇ ਕੋਲੋਂ **ਲਏ**। ਉਹ **ਸਾਰਾ ਸੋਨਾ** ਜੋ ਉਹ ਲਿਆਏ 16,750 **ਸ਼ਕਲ** ਸੀ। ਇਹ ਰਾਸ਼ੀ ਉਹ ਲੁੱਟ ਤੋਂ ਇਲਾਵਾ ਸੀ ਜੋ ਲੋਕਾਂ ਨੇ ਆਪਣੇ ਲਈ ਲਈ ਸੀ। ਮੂਸਾ ਅਤੇ ਅਲਆਜ਼ਾਰ ਨੇ ਯੋਧਿਆਂ ਦੇ ਚੜ੍ਹਾਵੇ ਨੂੰ ਮੰਡਲੀ ਦੇ ਤੰਬੂ ਵਿਚ ਲਿਆਂਦਾ **ਤਾਂ ਜੋ ਇਸਰਾਏਲੀਆਂ ਲਈ ਯਹੋਵਾਹ ਅੱਗੇ ਇੱਕ ਯਾਦਗਾਰੀ ਹੋਵੇ**।

ਇਨ੍ਹਾਂ ਨਿਯਮਾਂ ਦੇ ਦੁਆਰਾ ਕਿਹੜੇ ਸਿਧਾਂਤ ਸਿਖਾਏ ਗਏ ਹਨ ਜੋ ਪਰਮੇਸ਼ੁਰ ਨੇ ਇਸਰਾਏਲ ਨੂੰ ਉਨ੍ਹਾਂ ਦੀਆਂ ਜਿੱਤਾਂ ਵਿਚ ਲਈ ਗਈ ਸੰਪਤੀ ਦੇ ਵਿਸ਼ੇ ਵਿਚ ਦਿੱਤੇ ਸਨ? ਯੁੱਧ ਵਿਚ ਲੁੱਟੇ ਗਏ ਸਾਮਾਨ ਨੂੰ ਉਨ੍ਹਾਂ ਲੋਕਾਂ ਦੇ ਵਿਚਕਾਰ ਵੰਡਿਆ ਜਾਣਾ ਚਾਹੀਦਾ ਸੀ ਜੋ ਯੁੱਧ ਵਿਚ ਗਏ ਸਨ ਅਤੇ ਜਿਨ੍ਹਾਂ ਨੇ ਉਨ੍ਹਾਂ ਦਾ ਸਮਰਥਨ ਕੀਤਾ ਸੀ, ਭਾਵੇਂ ਉਹ ਘਰ ਵਿਚ ਹੀ ਰਹੇ। ਪਰਮੇਸ਼ੁਰ ਦੀ ਮਦਦ ਦੇ ਨਾਲ ਪ੍ਰਾਪਤ ਹੋਈ ਹਰ ਚੀਜ਼ ਦਾ ਘੱਟੋ ਘੱਟ ਇਕ ਹਿੱਸਾ ਉਸ ਨੂੰ ਵਾਪਸ ਦੇਣਾ ਚਾਹੀਦਾ ਹੈ। ਇਹ ਸਹੀ ਹੈ ਕਿ ਲੋਕ ਆਪਣੀ ਇੱਛਾ ਅਤੇ ਸ਼ੁਕਰਗੁਜ਼ਾਰੀ ਨਾਲ ਉਸ ਰੱਬ ਨੂੰ ਦੇਣ ਜਿਸ ਨੇ ਉਨ੍ਹਾਂ ਨੂੰ ਬਰਕਤ ਦਿੱਤੀ ਹੈ। ਇਹ ਚੜ੍ਹਾਵੇ 29:39 ਦਰਸਾਈਆਂ ਗਈਆਂ "ਸੁਤੰਤਰ ਭੇਟਾਂ" ਦੀ ਇਕ ਉਦਾਹਰਣ ਪ੍ਰਦਾਨ ਕਰਦੇ ਹਨ।

# ਪ੍ਰਾਸੰਗਿਕਤਾ

## ਯੁੱਧ ਦੇ ਖੇਤਰ ਵਿੱਚੋਂ ਬਾਹਰ ਨਿਕਲਣ ਵਾਲੀਆਂ ਸੱਚਾਈਆਂ (ਅਧਿਆਇ 31)

ਫਿਲਮਾਂ ਅਤੇ ਕਿਤਾਬਾਂ ਵਿਚ ਅਕਸਰ ਲੜੀਆਂ ਹੁੰਦੀਆਂ ਹਨ ਜਿਨ੍ਹਾਂ ਵਿਚ ਉਹੀ ਕਿਰਦਾਰ ਸ਼ਾਮਲ ਹੁੰਦੇ ਹਨ ਅਤੇ ਉਹ ਫਿਲਮ ਜਾਂ ਨਾਵਲ ਦੀਆਂ ਘਟਨਾਵਾਂ ਦੀ ਪਾਲਣਾ ਕਰਦੇ ਹਨ। ਅਧਿਆਇ 31 ਅਧਿਆਇ 25 ਵਿਚ ਦੱਸੀ ਗਈ ਕਹਾਣੀ ਦੀ ਇਕ ਲੜੀ ਵਜੋਂ ਕੰਮ ਕਰਦਾ ਹੈ ਜੋ ਉਸ ਪਾਪ ਦੇ ਵਿਸ਼ੇ ਵਿਚ ਸੀ ਜੋ ਇਸਰਾਏਲੀਆਂ ਨੇ "ਮੋਆਬ ਦੀਆਂ ਧੀਆਂ" ਨਾਲ ਕੀਤਾ ਸੀ। ਪਹਿਲੀ ਕਹਾਣੀ ਦਾ ਅੰਤ ਉਸ ਸਮੇਂ ਹੋਇਆ ਜਦੋਂ ਪਰਮੇਸ਼ੁਰ ਨੇ ਆਪਣੇ ਲੋਕਾਂ ਨੂੰ ਹੁਕਮ ਦਿੱਤਾ ਕਿ "ਮਿਦਯਾਨੀਆਂ ਨੂੰ ਸਤਾਓ ਅਤੇ ਉਨ੍ਹਾਂ ਨੂੰ ਮਾਰੋ, ਕਿਉਂ ਜੋ ਓਹ ਤੁਹਾਨੂੰ ਆਪਣਿਆਂ ਛਲਾਂ ਨਾਲ ਸਤਾਉਂਦੇ ਹਨ" (25:17, 18)। ਲੜੀ ਦੀ ਸ਼ੁਰੂਆਤ ਉਸ ਸਮੇਂ ਹੁੰਦੀ ਹੈ, ਜਦੋਂ ਪਰਮੇਸ਼ੁਰ ਨੇ ਇਸਰਾਏਲੀਆਂ ਲਈ ਹਿਦਾਇਤ ਦਿੱਤੀ ਕਿ "ਇਸਰਾਏਲੀਆਂ ਦਾ ਮਿਦਯਾਨੀਆਂ ਤੋਂ ਬਦਲਾ ਲੈ" (31:2)। ਇਹ ਮਿਦਯਾਨ ਦੇ ਨਾਲ ਇਸਰਾਏਲ ਦੀ ਲੜਾਈ ਅਤੇ ਉਸ ਦੇ ਪਰਿਣਾਮ ਦੇ ਵਿਸ਼ੇ ਵਿਚ ਦੱਸਦਾ ਹੈ।

ਅਧਿਆਇ 31 ਵਿਚ ਯੁੱਧ ਦੇ ਖੇਤਰ ਨੂੰ ਦਰਸਾਇਆ ਗਿਆ ਹੈ। ਇਹ ਮਿਦਯਾਨ ਦੇ ਨਾਲ ਇਸਰਾਏਲ ਦੇ ਯੁੱਧ, ਮਿਦਯਾਨੀਆਂ ਦੇ ਨਾਸ, ਅਤੇ ਯੁੱਧ ਜਿੱਤਣ ਤੋਂ ਬਾਅਦ ਪਰਮੇਸ਼ੁਰ

ਇਸਰਾਏਲੀਆਂ ਤੋਂ ਕੀ ਚਾਹੁੰਦਾ ਸੀ ਉਸ ਦੇ ਵਿਸ਼ੇ ਵਿਚ ਹੈ। ਇਸ ਯੁੱਧ ਖੇਤਰ ਦੇ ਵਿਚਕਾਰ, ਅਸੀਂ ਕੁਝ ਮਹੱਤਵਪੂਰਣ ਸੱਚਾਈਆਂ ਨੂੰ ਪਹਿਚਾਣ ਸਕਦੇ ਹਾਂ।

*ਸਭ ਤੋਂ ਪਹਿਲਾਂ, ਪਰਮੇਸ਼ੁਰ ਦੇ ਲੋਕਾਂ ਦਾ ਵਿਰੋਧ ਕਰਨਾ ਪਰਮੇਸ਼ੁਰ ਦਾ ਵਿਰੋਧ ਕਰਨਾ ਹੈ।* ਅਧਿਆਇ ਦੀ ਸ਼ੁਰੂਆਤ ਮਿਦਯਾਨ ਦੇ ਵਿਰੁੱਧ ਲੜਣ ਲਈ ਇਸਰਾਏਲ ਨੂੰ ਪਰਮੇਸ਼ੁਰ ਦੀਆਂ ਹਿਦਾਇਤਾਂ ਦੇ ਨਾਲ ਹੁੰਦੀ ਹੈ (31:1-7)।

ਮਿਦਯਾਨ ਦਾ ਪਾਪ ਇੰਨੀ ਵੱਡੀ ਤਬਾਹੀ ਦਾ ਹੱਕਦਾਰ ਕਿਉਂ ਸੀ? ਮਿਦਯਾਨੀਆਂ ਨੂੰ ਬਿਨਾਂ ਕਾਰਣ ਦੇ ਸਜ਼ਾ ਨਹੀਂ ਦਿੱਤੀ ਜਾ ਰਹੀ ਸੀ! ਇਸਰਾਏਲ ਉਨ੍ਹਾਂ ਨਾਲ ਵੈਰ ਰੱਖਦਾ ਸੀ ਕਿਉਂਕਿ ਉਹ ਇਸਰਾਏਲ ਦੇ ਨਾਲ ਵੈਰ ਰੱਖਦੇ ਸਨ। 25:17, 18 ਵਿਚ "ਦੁਸ਼ਮਣੀ" ਦੇ ਲਈ ਇਬਰਾਨੀ ਸ਼ਬਦ צָרַר (*ਤਸਾਰਾਰ*) ਦਾ ਦੁਹਰਾਇਆ ਜਾਣਾ ਸੰਕੇਤ ਦਿੰਦਾ ਹੈ ਕਿ ਮਿਦਯਾਨੀ ਉਹੀ ਪ੍ਰਾਪਤ ਕਰ ਰਹੇ ਸਨ ਜੋ ਉਨ੍ਹਾਂ ਨੇ ਦਿੱਤਾ ਸੀ। ਉਨ੍ਹਾਂ ਦੇ ਕਾਰਣ, 24,000 ਇਸਰਾਏਲੀਆਂ ਦੀ ਮੌਤ ਹੋ ਗਈ ਸੀ (25:9)। ਇਸਰਾਏਲ ਨੇ ਮਿਦਯਾਨੀ ਇਸਤਰੀਆਂ ਦੇ ਨਾਲ ਪਾਪ ਕਰਨ ਦੀ ਇਕ ਵੱਡੀ ਕੀਮਤ ਚੁਕਾਈ; ਫਿਰ ਮਿਦਯਾਨੀਆਂ ਨੇ ਇਸਰਾਏਲੀਆਂ ਤੋਂ ਪਾਪ ਕਰਵਾਉਣ ਦੀ ਉਸ ਤੋਂ ਵੀ ਵੱਡੀ ਕੀਮਤ ਚੁਕਾਈ। ਜਦੋਂ ਇਸਰਾਏਲ ਨੇ "ਮਿਦਯਾਨ ਦੇ ਵਿਰੁੱਧ ਯੁੱਧ ਕੀਤਾ," ਤਾਂ ਉਨ੍ਹਾਂ ਨੇ "ਹਰੇਕ ਨਰ ਨੂੰ ਮਾਰ ਦਿੱਤਾ," "ਮਿਦਯਾਨ ਦੇ ਰਾਜਿਆਂ ਨੂੰ ਮਾਰ ਦਿੱਤਾ," "ਮਿਦਯਾਨੀ ਇਸਤਰੀਆਂ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਬੰਧੂਆ ਬਣਾ ਲਿਆ," ਉਨ੍ਹਾਂ ਦੇ ਸਾਰੇ ਝੁੰਡਾਂ ਅਤੇ ਸਾਰੇ ਵੱਗਾਂ ਅਤੇ ਸਾਰੇ ਸਮਾਨ ਨੂੰ ਲੁੱਟ ਲਿਆ," ਅਤੇ "ਉਨ੍ਹਾਂ ਦੇ ਸਾਰੇ ਸ਼ਹਿਰਾਂ ਨੂੰ ਫੂਕ ਸੁੱਟਿਆ" (31:7-10)।

ਮਿਦਯਾਨੀਆਂ ਦਾ ਪਾਪ ਸਿਰਫ ਇਸਰਾਏਲ ਦੇ ਵਿਰੁੱਧ ਹੀ ਨਹੀਂ ਸੀ, ਪਰ ਪਰਮੇਸ਼ੁਰ ਦੇ ਵਿਰੁੱਧ ਸੀ, ਕਿਉਂਕਿ ਉਸ ਨੇ ਆਪਣੇ ਲੋਕਾਂ ਦੇ ਦੁਆਰਾ ਆਪਣੀ ਪਹਿਚਾਣ ਨੂੰ ਬਣਾਇਆ ਹੈ। ਆਇਤ 2 ਦੇ ਅਨੁਸਾਰ, ਇਸਰਾਏਲ ਨੇ "ਇਸਰਾਏਲ ਦੇ ਪੁੱਤਰਾਂ" ਦਾ ਬਦਲਾ ਲੈਣਾ ਸੀ। ਆਇਤ 3 ਕਹਿੰਦੀ ਹੈ ਕਿ ਉਨ੍ਹਾਂ ਨੇ "ਯਹੋਵਾਹ ਦਾ ਬਦਲਾ" ਲੈਣਾ ਸੀ। ਕਿਉਂਕਿ ਇਸਰਾਏਲੀ ਪਰਮੇਸ਼ੁਰ ਦੇ ਲੋਕ ਸਨ, ਇਸ ਲਈ ਇਸਰਾਏਲ ਦਾ ਵਿਰੋਧ ਕਰਨ ਦਾ ਅਰਥ ਪਰਮੇਸ਼ੁਰ ਦਾ ਵਿਰੋਧ ਕਰਨਾ ਸੀ। ਇਸ ਲਈ, ਜਿਨ੍ਹਾਂ ਨੇ ਪਰਮੇਸ਼ੁਰ ਦੇ ਲੋਕਾਂ ਦਾ ਵਿਰੋਧ ਕੀਤਾ ਉਹ ਪਰਮੇਸ਼ੁਰ ਦੇ ਕ੍ਰੋਧ ਦੇ ਹੱਕਦਾਰ ਸਨ।

ਇਹੋ ਜਿਹਾ ਵਿਚਾਰ ਸਾਨੂੰ ਨਵੇਂ ਨੇਮ ਵਿਚ ਵੀ ਮਿਲਦਾ ਹੈ: ਪੌਲੁਸ ਨੇ ਆਖਿਆ ਕਿ "ਕਿਉਂ ਜੋ ਪਰਮੇਸ਼ੁਰ ਦੇ ਭਾਣੇ ਇਹ ਨਿਆਉਂ ਦੀ ਗੱਲ ਹੈ ਭਈ ਜਿਹੜੇ ਤੁਹਾਨੂੰ ਦੁਖ ਦਿੰਦੇ ਹਨ ਓਹਨਾਂ ਨੂੰ ਦੁਖ ਦੇਵੇ" (2 ਥੱਸਲੁਨੀਕੀਆਂ 1:6)। ਪਰਮੇਸ਼ੁਰ ਅੱਜ ਵੀ ਆਪਣੇ ਆਪ ਨੂੰ ਇਸ ਹੱਦ ਤੱਕ ਆਪਣੀ ਪਰਜਾ, ਕਲੀਸੀਆ ਸਮਾਨ ਸਮਝਦਾ ਹੈ ਕਿ ਜੇਕਰ ਕੋਈ ਵਿਅਕਤੀ ਕਲੀਸੀਆ ਨੂੰ ਦੁਖ ਦਿੰਦਾ ਹੈ, ਪਰਮੇਸ਼ੁਰ ਉਸ ਨੂੰ ਦੁਖ ਦਿੰਦਾ ਹੈ। ਕਲੀਸੀਆ ਨੂੰ ਠੇਸ ਪਹੁੰਚਾਉਣ ਜਾਂ ਕਲੀਸੀਆ ਤੇ ਹਮਲਾ ਕਰਨ ਪਰਮੇਸ਼ੁਰ ਤੇ ਹਮਲਾ ਕਰਨਾ ਹੈ ਅਤੇ ਪਰਮੇਸ਼ੁਰ ਤੇ ਹਮਲਾ ਕਰਨਾ ਆਤਮਿਕ ਖੁਦਕੁਸ਼ੀ ਕਰਨਾ ਹੈ! ਨਵੇਂ ਨੇਮ ਵਿਚ, ਜਦੋਂ ਪੌਲੁਸ ਕਲੀਸੀਆ ਨੂੰ ਸਤਾਅ ਰਿਹਾ ਸੀ, ਉਹ ਯਿਸੂ ਨੂੰ ਸਤਾਅ ਰਿਹਾ ਸੀ (ਰਸੂਲਾਂ ਦੇ ਕਰਤੱਬ 9:4, 5)। ਮਸੀਹ ਅਤੇ ਉਸ ਦੀ ਕਲੀਸੀਆ ਦੇ ਦੁਸ਼ਮਣ ਸਦੀਪਕ ਸਜ਼ਾ ਦੇ ਲਈ ਦੋਸ਼ੀ ਠਹਿਰਣਗੇ (ਵੇਖੋ ਪਰਕਾਸ਼ ਦੀ ਪੋਥੀ 6:9-11; 20:4, 12-15)।

*ਦੂਜਾ, ਪਰਮੇਸ਼ੁਰ ਪਾਪ ਨੂੰ ਸਜ਼ਾ ਦੇਵੇਗਾ।* ਮਿਦਯਾਨ ਤੇ ਹਮਲੇ ਵਿਚ ਆਦਮੀ ਅਤੇ ਰਾਜੇ ਹੀ ਨਹੀਂ ਮਾਰੇ ਗਏ, ਪਰ ਇਸਰਾਏਲੀਆਂ ਨੇ ਇਸਤਰੀਆਂ ਅਤੇ ਬੱਚਿਆਂ ਨੂੰ ਵੀ ਬੰਧੂਏ ਬਣਾ ਲਿਆ, ਉਨ੍ਹਾਂ ਦੇ ਸਾਰੇ ਸਮਾਨ ਨੂੰ ਲੁੱਟ ਲਿਆ ਅਤੇ ਉਨ੍ਹਾਂ ਦੇ ਸ਼ਹਿਰਾਂ ਨੂੰ ਅੱਗ ਦੇ ਨਾਲ ਸਾੜ

ਸੁੱਟਿਆ। ਜਦੋਂ ਇਸਰਾਏਲੀ ਯੋਧਾ ਆਪਣੀਆਂ ਇਸਤਰੀ ਬੰਧੂਆ ਨੂੰ ਨਾਲ ਲੈ ਕੇ ਵਾਪਸ ਆਏ, ਤਾਂ ਮੂਸਾ ਨਾਰਾਜ਼ ਹੋ ਗਿਆ। ਇਸਤਰੀਆਂ ਇਸਰਾਏਲ ਦੇ ਵਿਰੁੱਧ ਪਾਪ ਦੀਆਂ ਪਹਿਲੀਆਂ ਅਪਰਾਧਣਾਂ ਸਨ; ਇਹ ਉਹ ਸਨ ਜਿਨ੍ਹਾਂ ਨੇ "ਬਿਲਆਮ ਦੀ ਸਲਾਹ ਨਾਲ ਪਓਰ ਦੀ ਗੱਲ ਵਿਚ ਯਹੋਵਾਹ ਦੇ ਵਿਰੁੱਧ ਅਪਰਾਧੀ ਬਣਾਇਆ" ਸੀ (31:16)। ਸਿੱਟੇ ਵਜੋਂ, ਮੂਸਾ ਨੇ ਇਸਰਾਏਲੀਆਂ ਨੂੰ ਇਨ੍ਹਾਂ ਇਸਤਰੀਆਂ ਨੂੰ, ਉਨ੍ਹਾਂ ਦੇ ਨਰ ਨਿਆਣਿਆਂ ਸਣੇ ਮਾਰ ਦੇਣ ਦਾ ਹੁਕਮ ਦਿੱਤਾ (31:17)।

ਇਸ ਮਾਮਲੇ ਵਿਚ ਇਸਤਰੀਆਂ ਦਾ ਨਾਸ ਕੀਤਾ ਜਾਣਾ ਸਮੱਸਿਆਗ੍ਰਸਤ ਨਹੀਂ ਹੈ। ਉਹ ਪਾਪ ਦੀਆਂ ਦੋਸ਼ੀ ਸਨ - ਹੋਰ ਵਧੇਰੇ ਦੋਸ਼ੀ, ਮੂਸਾ ਇਹ ਕਹਿਣਾ ਚਾਹ ਰਿਹਾ ਜਾਪਦਾ ਹੈ, ਕਿ ਉਨ੍ਹਾਂ ਆਦਮੀਆਂ ਤੋਂ ਵੀ ਵੱਧ ਜੋ ਇਸਰਾਏਲ ਦੇ ਵਿਰੁੱਧ ਲੜੇ ਸਨ। ਉਨ੍ਹਾਂ ਦੇ ਪਾਪ ਨੇ ਉਨ੍ਹਾਂ ਨੂੰ ਨਾਸ ਦੇ ਯੋਗ ਬਣਾ ਦਿੱਤਾ ਸੀ। ਪਰ, ਨਿਰਦੋਸ਼ ਬੱਚਿਆਂ ਦਾ ਨਾਸ ਸਵਾਲ ਖੜੇ ਕਰਦਾ ਹੈ। ਦੋਸ਼ੀਆਂ ਦੇ ਨਾਲ ਨਾਲ ਨਿਰਦੋਸ਼ਾਂ ਨੂੰ ਸਜ਼ਾ ਅੱਛਾਈ ਤੇ ਜਾਂ ਇੱਥੋਂ ਤੱਕ ਕਿ ਪਰਮੇਸ਼ੁਰ ਦੀ ਹੋਂਦ ਤੇ ਕੁਝ ਸਵਾਲ ਖੜੇ ਕਰ ਸਕਦੀ ਹੈ। ਉਹ ਕਹਿ ਸਕਦੇ ਹਨ, "ਜੇਕਰ ਪਰਮੇਸ਼ੁਰ ਆਪਣੇ ਲੋਕਾਂ ਨੂੰ ਨਿਰਦੋਸ਼ ਬੱਚਿਆਂ ਨੂੰ ਮਾਰਨ ਦਾ ਕਾਰਨ ਬਣਾਉਂਦਾ ਹੈ ਜਾਂ ਇਜਾਜ਼ਤ ਦਿੰਦਾ ਹੈ, ਤਾਂ ਮੈਂ ਅਜਿਹੇ ਪਰਮੇਸ਼ੁਰ ਤੇ ਵਿਸ਼ਵਾਸ ਨਹੀਂ ਕਰਦਾ ਹਾਂ।" ਉਨ੍ਹਾਂ ਨੂੰ ਇਤਰਾਜ਼ ਹੋ ਸਕਦਾ ਹੈ ਕਿ ਉਹ ਦੋਸ਼ੀ ਮਿਦਯਾਨੀਆਂ ਦੇ ਨਾਲ ਨਾਲ ਨਿਰਦੋਸ਼ਾਂ ਨੂੰ ਵੀ ਮਾਰਨਾ ਪਰਮੇਸ਼ੁਰ ਦੇ ਲਈ ਸਹੀ ਨਹੀਂ ਸੀ। ਅਸੀਂ "ਨਿਰਦੋਸ਼" ਮਿਦਯਾਨੀਆਂ ਦੀ ਮੌਤ ਦੀ ਵਿਆਖਿਆ ਇਹ ਕਹਿ ਕੇ ਕਰ ਸਕਦੇ ਹਾਂ ਕਿ ਉਹ "ਦੋਸ਼ੀ" ਮਿਦਯਾਨੀਆਂ ਦੇ ਸਮੂਹਿਕ ਅਪਰਾਧ ਵਿਚ ਸਾਂਝੀ ਹੋਏ ਜਾਂ ਇਹ ਕਹਿ ਕੇ ਕਿ ਉਹ ਇਸਰਾਏਲੀਆਂ ਦੇ ਆਤਮਿਕ ਕਲਿਆਣ ਦੇ ਲਈ ਇੱਕ ਖਤਰਾ ਸਨ।

*ਤੀਜਾ, ਪਰਮੇਸ਼ੁਰ ਦੇ ਰਾਹ ਸਾਡੇ ਰਾਹਾਂ ਤੋਂ ਉੱਚੇ ਹਨ।* ਇਨ੍ਹਾਂ ਲੋਕਾਂ ਦੇ ਨਾਸ ਦੀ ਸਮੱਸਿਆ ਦਾ ਸਭ ਤੋਂ ਉੱਤਮ ਹੱਲ ਇਸ ਗੱਲ ਨੂੰ ਸਵੀਕਾਰ ਕਰਨਾ ਹੈ ਕਿ ਪਰਮੇਸ਼ੁਰ ਦੇ ਰਾਹ ਸਾਡੇ ਰਾਹ ਨਹੀਂ ਹਨ, ਨਾ ਹੀ ਉਸ ਦੇ ਵਿਚਾਰ ਸਾਡੇ ਵਿਚਾਰ ਹਨ (ਯਸਾਯਾਹ 55:8, 9)। ਮਿਦਯਾਨ ਦੇ ਨਰ ਬੱਚਿਆਂ ਦੀ ਮੌਤ ਤੋਂ, ਸਾਨੂੰ ਰੱਬ ਦੇ ਵਿਸ਼ੇ ਵਿਚ ਪਤਾ ਲੱਗਦਾ ਹੈ: ਉਹ ਸਰਬਸ਼ਕਤੀਮਾਨ ਹੈ, ਅਤੇ ਕਈ ਵਾਰ ਅਸੀਂ ਉਸ ਦੇ ਰਾਹਾਂ ਨੂੰ ਸਮਝ ਨਹੀਂ ਸਕਦੇ ਹਾਂ। ਅਜਿਹੇ ਮਾਮਲਿਆਂ ਵਿਚ, ਸਾਨੂੰ ਵਿਸ਼ਵਾਸ ਕਰਨਾ ਚਾਹੀਦਾ ਹੈ ਕਿ ਉਹ ਜੋ ਕੁਝ ਵੀ ਕਰਦਾ ਹੈ ਉਹ ਉਸ ਦੇ ਲਈ ਹਮੇਸ਼ਾ ਸਹੀ ਕੰਮ ਹੁੰਦਾ ਹੈ, ਭਾਵੇਂ ਅਸੀਂ ਉਸ ਦੇ ਕਾਰਨਾਂ ਨੂੰ ਸਮਝ ਸਕੀਏ ਭਾਵੇਂ ਨਾ ਸਮਝ ਸਕੀਏ।

*ਚੌਥਾ, ਪਰਮੇਸ਼ੁਰ ਸਾਨੂੰ ਸਾਡੇ ਪਾਪਾਂ ਤੋਂ ਸ਼ੁੱਧ ਕਰ ਸਕਦਾ ਹੈ।* ਉਸ ਸ਼ਰਾ ਦੇ ਅਨੁਸਾਰ ਜੋ ਪਰਮੇਸ਼ੁਰ ਨੇ ਇਸਰਾਏਲ ਨੂੰ ਦਿੱਤੀ, ਮੌਤ ਦੇ ਸੰਪਰਕ ਵਿਚ ਆਉਣ ਕਾਰਨ ਅਸ਼ੁੱਧਤਾ ਆਈ। ਇਕੱਤੀਵੇਂ ਅਧਿਆਇ ਵਿਚ ਬਿਰਤਾਂਤ ਦੱਸਦਾ ਹੈ ਕਿ ਇਸਰਾਏਲ ਜਦੋਂ ਯੁੱਧ ਵਿਚ ਗਿਆ ਤਾਂ ਕੀ ਹੋਇਆ। ਯੁੱਧ ਦਾ ਅਰਥ ਮੌਤ ਸੀ, ਅਤੇ ਮੌਤ ਦਾ ਅਰਥ ਅਸ਼ੁੱਧਤਾ ਸੀ। ਉਹ ਲੋਕ ਕਿਹੋ ਜਿਹੇ ਸਨ ਜੋ ਸ਼ੁੱਧ ਹੋਣ ਦੇ ਲਈ ਦੁਬਾਰਾ ਯੁੱਧ ਵਿੱਚ ਗਏ ਸਨ? ਯੁੱਧ ਦੀ ਲੁੱਟ ਨੂੰ ਕਿਵੇਂ ਸ਼ੁੱਧ ਕੀਤਾ ਜਾ ਸਕਦਾ ਹੈ? ਇਹ ਮਹੱਤਵਪੂਰਣ ਪ੍ਰਸ਼ਨ ਸਨ; ਕਿਉਂਕਿ, ਜੇਕਰ ਸੈਨਿਕ ਬਿਨਾਂ ਸ਼ੁੱਧ ਹੋਏ ਡੇਰੇ ਵਿਚ ਵਾਪਸ ਆ ਜਾਂਦੇ, ਤਾਂ ਪੂਰਾ ਡੇਰਾ - ਇਸਰਾਏਲ ਦੀ ਸੰਪੂਰਣ ਮੰਡਲੀ - ਅਸ਼ੁੱਧ ਹੋ ਜਾਵੇਗੀ।

ਉਨ੍ਹਾਂ ਸਵਾਲਾਂ ਦੇ ਜਵਾਬ 31:19-24 ਵਿਚ ਮਿਲਦੇ ਹਨ:

> ਪਰ ਤੁਸੀਂ ਡੇਰੇ ਤੋਂ ਬਾਹਰ ਸੱਤ ਦਿਨ ਟਿਕੋ, ਓਹ ਸਾਰੇ ਜਿਨ੍ਹਾਂ ਨੇ ਕਿਸੇ ਪ੍ਰਾਣੀ ਨੂੰ ਵੱਢਿਆ ਹੋਵੇ ਅਤੇ ਓਹ ਸਾਰੇ ਜਿਨ੍ਹਾਂ ਨੇ ਕਿਸੇ ਵੱਢੇ ਹੋਏ ਨੂੰ ਛੋਹਿਆ ਹੋਵੇ ... ਆਪਣੇ ਆਪ ਨੂੰ ...

ਪਵਿੱਤ੍ਰ ਕਰੋ ... ਤਾਂ ਅਲਆਜ਼ਾਰ ਜਾਜਕ ਨੇ ਉਨ੍ਹਾਂ ਜੋਧਿਆਂ ਨੂੰ ਜਿਹੜੇ ਜੁੱਧ ਵਿੱਚ ਗਏ ਸਨ ਆਖਿਆ, ਏਹ ਬਿਵਸਥਾ ਦੀ ਬਿਧੀ ਹੈ ਜਿਹ ਦਾ ਯਹੋਵਾਹ ਮੂਸਾ ਨੂੰ ਹੁਕਮ ਦਿੱਤਾ ਸੀ। ਨਿਰਾ ਸੋਨਾ, ਚਾਂਦੀ, ਪਿੱਤਲ, ਲੋਹਾ, ਜਿਸਤ ਅਤੇ ਸਿੱਕਾ। ਅਰਥਾਤ ਹਰ ਇੱਕ ਸ਼ੈ ਜਿਹੜੀ ਅੱਗ ਵਿੱਚ ਪੈ ਸੱਕੇ ਤੁਸੀਂ ਅੱਗ ਦੇ ਵਿੱਚ ਦੀ ਲੰਘਾਓ ਤਾਂ ਉਹ ਸ਼ੁੱਧ ਹੋਵੇਗੀ। ਤਾਂ ਵੀ ਓਹ ਅਸ਼ੁੱਧਤਾਈ ਦੇ ਜਲ ਨਾਲ ਪਵਿੱਤ੍ਰ ਕੀਤੀ ਜਾਵੇ ਅਤੇ ਜੋ ਕੁਝ ਅੱਗ ਵਿੱਚ ਨਾ ਪੈ ਸੱਕੇ ਤੁਸੀਂ ਪਾਣੀ ਦੇ ਵਿੱਚ ਦੀ ਲੰਘਾਓ। ਅਤੇ ਸੱਤਵੇਂ ਦਿਨ ਤੁਸੀਂ ਆਪਣੇ ਕੱਪੜੇ ਧੋਵੋ ਤਾਂ ਤੁਸੀਂ ਸ਼ੁੱਧ ਹੋਵੋਗੇ, ਏਸ ਦੇ ਮਗਰੋਂ ਤੁਸੀਂ ਡੇਰੇ ਵਿੱਚ ਆਓ।

ਆਇਤ 19 ਅਤੇ 20 ਦੱਸਦੀ ਹੈ ਕਿ ਯੋਧਿਆਂ ਨੂੰ ਕਿਵੇਂ ਸ਼ੁੱਧ ਕੀਤਾ ਜਾਣਾ ਸੀ, ਅਤੇ ਆਇਤਾਂ 21 ਤੋਂ 23 ਇਸ ਗੱਲ ਦੀਆਂ ਹਿਦਾਇਤਾਂ ਦਿੰਦੀਆਂ ਹਨ ਕਿ ਲੁੱਟ ਨੂੰ ਕਿਵੇਂ ਸ਼ੁੱਧ ਕੀਤਾ ਜਾਣਾ ਸੀ। ਆਮ ਤੌਰ ਤੇ ਬੋਲਣ ਦੇ ਨਾਲ, ਲੋਕਾਂ ਦੇ ਸ਼ੁੱਧੀਕਰਨ ਦੇ ਲਈ ਨਹਾਉਣ, ਅਤੇ ਲੁੱਟ (ਧਾਂਤ ਦੀਆਂ ਚੀਜ਼ਾਂ ਦੇ ਲਈ) ਤਾਇਆ ਜਾਂ (ਹੋਰ ਸਮਾਨ ਦੇ ਲਈ) ਪਾਣੀ ਨਾਲ ਧੋਤੇ ਜਾਣ ਦੀ ਲੋੜ ਹੁੰਦੀ ਸੀ।

ਮਸੀਹੀ ਯੁੱਗ ਵਿਚ, ਸਰੀਰਕ ਮੌਤ ਸਾਨੂੰ ਅਪਵਿੱਤਰ ਨਹੀਂ ਕਰਦੀ ਜਾਂ ਇਸ ਦੇ ਕਾਰਨ ਸਾਨੂੰ ਸ਼ੁੱਧ ਹੋਣ ਦੀ ਲੋੜ ਨਹੀਂ ਹੁੰਦੀ ਹੈ। ਪਰ, ਪਾਪ ਸਾਨੂੰ ਅਸ਼ੁੱਧ ਕਰਦਾ ਅਤੇ ਮਾਰ ਦਿੰਦਾ ਹੈ (ਯਸਾਯਾਹ 59:1, 2; ਰੋਮੀਆਂ 6:23; ਅਫ਼ਸੀਆਂ 2:1)। ਜਦੋਂ ਅਸੀਂ ਪਾਪ ਵਿਚ ਹੁੰਦੇ ਹਾਂ, ਤਾਂ ਸਾਨੂੰ ਸ਼ੁੱਧ ਜਾਂ ਪਵਿੱਤਰ ਰਹਿਣ ਦੀ ਲੋੜ ਹੁੰਦੀ ਹੈ। ਉਹ ਸਫਾਈ ਕਿਵੇਂ ਹੁੰਦੀ ਹੈ? ਉਹ ਸਫਾਈ ਕਿਵੇਂ ਹੋ ਸਕਦੀ ਹੈ? ਨਵੇਂ ਨੇਮ ਵਿੱਚ ਪੁਰਾਣੇ ਨੇਮ ਦੇ ਸ਼ੁੱਧੀਕਰਨ ਸੰਸਕਾਰ ਦਾ ਪ੍ਰਤੀਰੂਪ ਗੰਦੇ ਸਰੀਰ ਨੂੰ ਸਾਫ ਕਰਨ ਦੇ ਲਈ ਸਰੀਰਕ ਤੌਰ ਤੇ ਧੋਣਾ ਨਹੀਂ ਹੈ, ਪਰ ਮਸੀਹ ਦੇ ਲਹੂ ਦੇ ਨਾਲ ਆਤਮਕ ਸੰਪਰਕ ਹੈ (1 ਪਤਰਸ 3:20, 21)। ਜੋ ਲੋਕ ਹੁਣ ਤਕ ਮਸੀਹੀ ਨਹੀਂ ਬਣੇ ਹਨ ਉਨ੍ਹਾਂ ਨੂੰ (ਵਿਸ਼ਵਾਸ ਅਤੇ ਤੋਬਾ ਕਰਨ ਤੋਂ ਬਾਅਦ) ਬਪਤਿਸਮਾ ਲੈਣ, ਜਾਂ ਪਾਣੀ ਵਿਚ ਡੁੱਬਕੀ ਲਗਾਉਣ ਦੀ ਲੋੜ ਹੁੰਦੀ ਹੈ ਤਾਂ ਕਿ ਉਹ ਬਚਾਏ ਜਾਣ (ਰਸੂਲਾਂ ਦੇ ਕਰਤੱਬ 2:38; 22:16)। ਮਸੀਹੀਆਂ ਨੂੰ ਨਿਰੰਤਰ ਸ਼ੁੱਧ ਰਹਿਣ ਦੇ ਲਈ ਯਿਸੂ ਦੇ ਲਹੂ ਦੀ ਲੋੜ ਹੁੰਦੀ ਹੈ (1 ਯਹੂੰਨਾ 1:7); ਇਹ ਉਸ ਸਮੇਂ ਹੁੰਦਾ ਹੈ ਜਦੋਂ ਅਸੀਂ ਪਰਮੇਸ਼ੁਰ ਦੀ ਮਰਜ਼ੀ ਨੂੰ ਪੂਰਾ ਕਰਨ ਦੇ ਲਈ ਈਮਾਨਦਾਰੀ ਦੇ ਨਾਲ "ਚਾਨਣ ਵਿੱਚ ਚੱਲਦੇ ਹਾਂ।"

*ਪੰਜਵਾਂ, ਪਰਮੇਸ਼ੁਰ ਸਾਡੀਆਂ ਭੇਟਾਂ ਦੇ ਯੋਗ ਹੈ।* ਪੁਰਾਣੇ ਸਮੇਂ ਵਿਚ, ਇਕ ਜੇਤੂ ਫੌਜ "ਲੜਾਈ ਦੀ ਲੁੱਟ" ਨੂੰ ਲੈ ਕੇ ਆਉਂਦੀ ਸੀ। ਜਦੋਂ ਇਸਰਾਏਲੀਆਂ ਨੇ ਮਿਦਯਾਨੀਆਂ ਨੂੰ ਹਰਾਇਆ, ਤਾਂ ਉਨ੍ਹਾਂ ਨੇ "ਮਿਦਯਾਨ ਦੀਆਂ ਤੀਵੀਆਂ ਅਤੇ ਉਨ੍ਹਾਂ ਦੇ ਨਿਆਣਿਆਂ ਨੂੰ ਬੰਧੂਏ ਬਣਾ ਲਿਆ ਅਤੇ ਉਨ੍ਹਾਂ ਦੇ ਸਾਰੇ ਡੰਗਰ ਅਤੇ ਉਨ੍ਹਾਂ ਦੇ ਸਾਰੇ ਵੱਗ ਅਤੇ ਉਨ੍ਹਾਂ ਦਾ ਸਾਰਾ ਲਕਾ ਤੁਕਾ ਲੁੱਟ ਲਿਆ" (31:9)। ਅਧਿਆਇ 31 ਦੀਆਂ ਆਖਰੀ ਆਇਤਾਂ ਵਿਚ, ਪਰਮੇਸ਼ੁਰ ਨੇ ਇਕ ਨਮੂਨੇ ਨੂੰ ਕਾਇਮ ਕੀਤਾ ਕਿ ਲੁੱਟ ਦੇ ਮਾਲ ਨੂੰ ਕਿਵੇਂ ਵੰਡਿਆ ਜਾਣਾ ਚਾਹੀਦਾ ਸੀ (31:25-54)। ਲੁੱਟ ਨੂੰ ਵੰਡਣ ਦੀ ਇਹ ਪ੍ਰਕਿਰਿਆ ਸਾਡੇ ਲਈ ਕੁਝ ਉਦਾਹਰਣਾਂ ਪੇਸ਼ ਕਰਦੀ ਹੈ।

1. ਲੁੱਟ ਦਾ ਮਾਲ ਜੋਧਿਆਂ ਅਤੇ ਪੂਰੀ ਮੰਡਲੀ ਵਿਚਕਾਰ ਬਰਾਬਰ ਵੰਡਿਆ ਜਾਣਾ ਸੀ (31:25-27; ਵੇਖੋ 31:32-47)। ਇਸ ਤੱਥ ਤੋਂ ਪਤਾ ਲੱਗਦਾ ਹੈ ਕਿ ਸਾਡੇ ਆਤਮਿਕ ਯੁੱਧ ਵਿਚ ਸਿਰਫ ਉਹ ਸਿਪਾਹੀ ਨਹੀਂ ਜਿਹੜੇ "ਪਹਿਲੀ ਕਤਾਰ ਵਿਚ ਹਨ" ਉਨ੍ਹਾਂ ਨੂੰ ਯਾਦ ਅਤੇ ਸਨਮਾਨਿਤ ਕੀਤਾ ਜਾਣਾ ਚਾਹੀਦਾ ਹੈ। ਜਿਹੜੇ ਉਨ੍ਹਾਂ ਦਾ ਸਹਿਯੋਗ ਦਿੰਦੇ ਹਨ ਅਤੇ ਉਨ੍ਹਾਂ ਨੂੰ ਉਨ੍ਹਾਂ ਦੇ ਕੰਮ ਨੂੰ ਕਰਨ ਦੇ ਯੋਗ ਬਣਾਉਂਦੇ ਹਨ ਉਹ ਵੀ ਉਨ੍ਹਾਂ ਦੇ ਕੰਮ ਦੇ ਇਨਾਮਾਂ ਵਿਚ ਉਨ੍ਹਾਂ ਦੇ ਭਾਗੀਦਾਰ ਹਨ (ਫ਼ਿਲਿੱਪੀਆਂ 4:17)।

2. ਲੁੱਟ ਦੇ ਮਾਲ ਦਾ ਕੁਝ ਹਿੱਸਾ ਪਰਮੇਸ਼ੁਰ ਨੂੰ ਭੇਟ ਦੇ ਰੂਪ ਵਿਚ ਜਾਜਕਾਂ ਨੂੰ ਦਿੱਤਾ ਜਾਣਾ ਸੀ (31:28, 29; ਵੇਖੋ 31:36-41)। ਇਸ ਦਾ ਕੁਝ ਹਿੱਸਾ ਲੇਵੀਆਂ ਨੂੰ ਵੀ ਦਿੱਤਾ ਜਾਣਾ ਸੀ (31:30; ਵੇਖੋ 31:42-47), ਜਿਹੜੇ "ਯਹੋਵਾਹ ਦੇ ਡੇਹਰੇ ਦੀ ਜ਼ਿੰਮੇਵਾਰੀ ਰੱਖਦੇ ਸਨ" (31:47)। ਇਹ ਭੇਟਾਂ ਸਾਨੂੰ ਚੇਤੇ ਕਰਾਉਂਦੀਆਂ ਹਨ ਕਿ ਜੋ ਸਾਨੂੰ ਪਰਮੇਸ਼ੁਰ ਦੀ ਭਲਿਆਈ ਦੇ ਕਾਰਣ ਮਿਲਦਾ ਹੈ (ਯਾਕੂਬ 1:17), ਸਾਨੂੰ ਉਹ ਪਰਮੇਸ਼ੁਰ ਅਤੇ ਉਸ ਦੀ ਕਲੀਸੀਆ ਨੂੰ ਦੇਣ ਦੁਆਰਾ ਉਸ ਨਾਲ ਸਾਂਝਾ ਕਰਨ ਦੀ ਲੋੜ ਹੈ।

3. ਇਸਰਾਏਲ ਦੀ ਫੌਜ ਦੇ ਸਰਦਾਰਾਂ ਨੇ ਸਵੈ-ਇੱਛਾ ਨਾਲ ਭੇਟ ਚੜ੍ਹਾਈ ਸੀ ਕਿਉਂਕਿ ਉਹ ਇਸ ਗੱਲ ਦੇ ਲਈ ਧੰਨਵਾਦੀ ਸਨ ਕਿ ਕੋਈ ਵੀ ਯੁੱਧ ਵਿਚ ਨਹੀਂ ਸੀ ਹਾਰਿਆ (31:48-54)। ਖੁੱਲ੍ਹੇ ਦਿਲ ਨਾਲ ਦਿੱਤੀ ਗਈ ਉਨ੍ਹਾਂ ਦੀ ਭੇਟ ਨੂੰ ਮੂਸਾ ਅਤੇ ਅਲਆਜ਼ਾਰ ਦੁਆਰਾ "ਇਸਰਾਏਲੀਆਂ ਲਈ ਯਹੋਵਾਹ ਅੱਗੇ ਇੱਕ ਯਾਦਗਾਰੀ" ਦੇ ਰੂਪ ਵਿਚ ਸਵੀਕਾਰ ਕੀਤਾ ਗਿਆ ਸੀ (31:54)। ਉਨ੍ਹਾਂ ਦੀ ਭੇਟ ਸਾਨੂੰ ਦੱਸਦੀ ਹੈ ਕਿ ਸਾਨੂੰ ਪਰਮੇਸ਼ੁਰ ਨੂੰ ਖੁੱਲ੍ਹੇ ਦਿਲ ਨਾਲ ਦੇਣਾ ਚਾਹੀਦਾ ਹੈ - ਸਿਰਫ ਇਸ ਕਾਰਣ ਨਹੀਂ ਕਿਉਂਕਿ ਸਾਨੂੰ ਇਸ ਤਰ੍ਹਾਂ ਕਰਨ ਦਾ ਹੁਕਮ ਦਿੱਤਾ ਗਿਆ ਹੈ, ਪਰ ਸਾਡੇ ਧੰਨਵਾਦੀ ਦਿਲਾਂ ਦੇ ਕਾਰਣ।

*ਸਿੱਟਾ*। ਇਸਰਾਏਲ ਅਤੇ ਮਿਦਯਾਨੀਆਂ ਦੀ ਸਜ਼ਾ ਨੂੰ ਵੇਖ ਕੇ, ਅਸੀਂ ਸਮੂਹਿਕ ਜ਼ਿੰਮੇਵਾਰੀ ਦੀ ਗੱਲ ਕਰਦੇ ਹਾਂ। ਇਕ ਥਾਂ ਜਿੱਥੇ ਭਾਈਚਾਰੇ ਦੇ ਦੋਸ਼ ਨੂੰ ਨਹੀਂ ਮੰਨਿਆ ਜਾਵੇਗਾ ਉਹ ਹੈ ਮਸੀਹ ਦਾ ਨਿਆਉਂ ਦਾ ਸਿੰਘਾਸਣ। ਉੱਥੇ "ਹਰੇਕ ਜੋ ਕੁਝ ਉਸ ਨੇ ਦੇਹੀ ਵਿੱਚ ਕੀਤਾ ਭਾਵੇਂ ਭਲਾ ਭਾਵੇਂ ਬੁਰਾ ਆਪੋ ਆਪਣੀਆਂ ਕਰਨੀਆਂ ਦੇ ਅਨੁਸਾਰ ਫਲ ਭੋਗੇ [ਗਾ]" (2 ਕੁਰਿੰਥੀਆਂ 5:10)। ਜਦੋਂ ਅਸੀਂ ਪਰਮੇਸ਼ੁਰ ਦੇ ਨਿਆਉਂ ਦੇ ਸਾਹਮਣੇ ਖੜ੍ਹੇ ਹੋਵਾਂਗੇ, ਸਾਡਾ ਨਿਆਉਂ ਸਿਰਫ ਉਸ ਦੁਆਰਾ ਕੀਤਾ ਜਾਵੇਗਾ ਜੋ ਅਸੀਂ ਕੀਤਾ ਹੈ।

## ਪਰਮੇਸ਼ੁਰ ਕਿਹੋ ਜਿਹਾ ਹੈ? (ਅਧਿਆਇ 31)

ਅਧਿਆਇ 31 ਵਿਚ ਸਾਰੀਆਂ ਸੱਚਾਈਆਂ ਜੋ ਸਪੱਸ਼ਟ ਹਨ ਉਨ੍ਹਾਂ ਨੂੰ ਬਾਈਬਲ ਵਿਚ ਸਭ ਤੋਂ ਮਹੱਤਵਪੂਰਣ ਵਿਸ਼ੇ ਦੇ ਨਾਲ ਜੋੜ ਕੇ ਵੇਖਿਆ ਜਾ ਸਕਦਾ ਹੈ: ਪਰਮੇਸ਼ੁਰ ਦਾ ਵਿਅਕਤੀਤਵ! ਪਰਮੇਸ਼ੁਰ ਕਿਹੋ ਜਿਹਾ ਹੈ?

ਉਹ ਆਪਣੀ ਪਰਜਾ ਨਾਲ ਆਪਣੇ ਆਪ ਦੀ ਪਛਾਣ ਕਰਦਾ ਹੈ।
ਉਹ ਪਾਪ ਦੀ ਸਜ਼ਾ ਦਿੰਦਾ ਹੈ। ਕੋਈ ਵੀ ਦੰਡ ਨਾਲ ਪਰਮੇਸ਼ੁਰ ਜਾਂ ਉਸ ਦੀ ਪਰਜਾ ਦਾ ਵਿਰੋਧ ਨਹੀਂ ਕਰ ਸਕਦਾ।
ਉਹ ਮਾਲਕ ਹੈ ਅਤੇ ਕਈ ਵਾਰ ਅਸੀਂ ਉਸ ਦੇ ਰਾਹਾਂ ਨੂੰ ਨਹੀਂ ਸਮਝ ਸਕਦੇ; ਫਿਰ ਵੀ, ਸਾਨੂੰ ਉਸ ਤੇ ਵਿਸ਼ਵਾਸ ਕਰਨਾ ਅਤੇ ਉਸ ਦੀ ਆਗਿਆ ਦਾ ਪਾਲਣ ਕਰਨਾ ਚਾਹੀਦਾ ਹੈ।
ਉਹ ਪਵਿੱਤਰ ਹੈ; ਕੋਈ ਵੀ ਵਿਅਕਤੀ ਜਿਹੜਾ ਅਸ਼ੁੱਧ ਹੈ ਉਸ ਕੋਲ ਨਹੀਂ ਪਹੁੰਚ ਸਕਦਾ। ਜਦੋਂ ਅਸੀਂ ਸ਼ੁੱਧ ਹੋਣਾ ਚਾਹੁੰਦੇ ਹਾਂ, ਸਾਨੂੰ ਉਸ ਤਰੀਕੇ ਨਾਲ ਸ਼ੁੱਧ ਹੋਣਾ ਚਾਹੀਦਾ ਹੈ ਜੋ ਉਸ ਨੇ ਦੱਸਿਆ ਹੈ।
ਉਹ ਕਿਰਪਾਲੂ ਅਤੇ ਭਲਾ ਹੈ, ਉਸ ਦੇ ਯੋਗ ਹੈ ਜੋ ਅਸੀਂ ਉਸ ਦੇ ਲਈ ਕਰ ਸਕਦੇ ਹਾਂ ਜਾਂ ਉਸ ਨੂੰ ਦੇ ਸਕਦੇ ਹਾਂ।

ਪਰਮੇਸ਼ੁਰ ਦੇ ਬਾਰੇ ਤੁਹਾਡਾ ਕੀ ਵਿਚਾਰ ਹੈ? ਕੀ ਇਹ ਉਸ ਵਿਚਾਰ ਦੇ ਨਾਲ ਮੇਲ ਖਾਂਦਾ

ਹੈ ਜਾਂ ਉਸ ਦੇ ਵਿਰੁੱਧ ਹੈ ਜੋ ਹੁਣੇ ਪੇਸ਼ ਕੀਤਾ ਗਿਆ ਹੈ? ਇਹ ਇਕ ਮਹੱਤਵਪੂਰਣ ਸਵਾਲ ਹੈ ਕਿਉਂਕਿ ਪਰਮੇਸ਼ੁਰ ਬਾਰੇ ਸਾਡਾ ਵਿਚਾਰ ਉਸ ਦੇ ਸਾਹਮਣੇ ਸਾਡੇ ਵਿਹਾਰ ਨੂੰ ਤੈਅ ਕਰੇਗਾ। ਬਦਲੇ ਵਿਚ, ਸਾਡਾ ਵਿਹਾਰ, ਸਾਡੀ ਸਦੀਪਕ ਮੰਜਿਲ ਨੂੰ ਤੈਅ ਕਰੇਗਾ।

**ਮਿਦਯਾਨੀਆਂ ਦਾ ਨਾਸ (ਅਧਿਆਇ 31)**

ਅਧਿਆਇ 31 ਵਿਚ ਪਾਇਆ ਜਾਣ ਵਾਲਾ ਵਿਰਤਾਂਤ ਪਰਮੇਸ਼ੁਰ ਦੇ ਸੁਭਾਅ ਬਾਰੇ ਕਈ ਸਵਾਲ ਖੜ੍ਹੇ ਕਰਨ ਦਾ ਕਾਰਣ ਬਣਿਆ। ਦਿਆਲੂ ਅਤੇ ਕਿਰਪਾਲੂ ਪਰਮੇਸ਼ੁਰ ਕਿਵੇਂ ਆਪਣੀ ਪਰਜਾ ਨੂੰ ਬਦਲਾ ਲੈਣ ਵਾਲੇ ਯੁੱਧ ਵਿਚ ਹਿੱਸਾ ਲੈਣ ਦਾ ਹੁਕਮ ਦੇ ਸਕਦਾ ਸੀ? ਕਿਵੇਂ ਉਹ, ਅਜਿਹੇ ਯੁੱਧ ਦੇ ਸੰਬੰਧ ਵਿਚ, ਹੁਕਮ ਦੇ ਸਕਦਾ ਸੀ ਕਿ ਬੇਕਸੂਰ ਲੋਕ ਮਾਰੇ ਜਾਣ, ਜਿਵੇਂ ਕਿ ਉਹ ਜਵਾਨ ਪੁਰਸ਼ ਜਿਹੜੇ ਮਿਦਯਾਨ ਨਾਲ ਯੁੱਧ ਤੋਂ ਬਾਅਦ ਮਾਰੇ ਗਏ ਸਨ?

ਪਰਮੇਸ਼ੁਰ ਨੇ ਵਚਨ ਦੇ ਸਿਧਾਂਤਾਂ ਦੇ ਅਨੁਸਾਰ ਇਸਰਾਏਲੀਆਂ ਤੋਂ ਮੰਗ ਕੀਤੀ ਸੀ ਕਿ ਉਹ ਮਿਦਯਾਨੀਆਂ ਨੂੰ ਨਾਸ ਕਰ ਦੇਣ। ਆਓ ਕੁਝ ਉਦਾਹਰਣਾਂ ਤੇ ਵਿਚਾਰ ਕਰੀਏ:

1. ਪਰਮੇਸ਼ੁਰ ਸੱਚਮੁੱਚ ਉਹ ਪਰਮੇਸ਼ੁਰ ਹੈ ਜਿਹੜਾ ਕਿਰਪਾਲੂ ਹੈ (ਕੂਚ 34:6), ਪਰ ਉਹ ਉਹ ਪਰਮੇਸ਼ੁਰ ਵੀ ਹੈ ਜਿਹੜਾ "ਕੁਧਰਮੀ ਨੂੰ ਏਵੇਂ ਨਹੀਂ ਛੱਡਦਾ" (ਕੂਚ 34:7)। ਕਿਸੇ ਨੂੰ ਵੀ ਪਰਮੇਸ਼ੁਰ ਦੇ ਚਰਿੱਤਰ ਦੇ ਇਨ੍ਹਾਂ ਦੋਵਾਂ ਪਹਿਲੂਆਂ ਵਿੱਚੋਂ ਕਿਸੇ ਇਕ ਦਾ ਵੀ ਇਨਕਾਰ ਨਹੀਂ ਕਰਨਾ ਚਾਹੀਦਾ।

2. ਮਿਦਯਾਨੀ ਸੱਚਮੁੱਚ ਦੋਸ਼ੀ ਸਨ। ਉਨ੍ਹਾਂ ਨੇ ਇਸਰਾਏਲੀਆਂ ਕੋਲੋਂ ਪਾਪ ਕਰਵਾਇਆ ਸੀ!

3. ਜਦ ਕਿ ਪਰਮੇਸ਼ੁਰ ਨੇ ਮਿਦਯਾਨੀਆਂ ਨੂੰ ਇਸਰਾਏਲੀਆਂ ਕੋਲੋਂ ਪਾਪ ਕਰਵਾਉਣ ਦੀ ਉਨ੍ਹਾਂ ਦੀ ਭੂਮਿਕਾ ਦੇ ਲਈ ਸਜ਼ਾ ਦਿੱਤੀ ਸੀ, ਉਸ ਨੇ ਉਸ ਦੀ ਆਪਣੀ ਪਰਜਾ ਨੂੰ ਵੀ ਸਜ਼ਾ ਦਿੱਤੀ ਸੀ ਜਦੋਂ ਉਨ੍ਹਾਂ ਨੇ ਪਾਪ ਕੀਤਾ ਸੀ।

4. ਦੂਜੀਆਂ ਕੌਮਾਂ ਨੂੰ ਨਾਸ ਕਰਨ ਦੇ ਪਰਮੇਸ਼ੁਰ ਦੇ ਹੁਕਮ ਦਾ ਉਦੇਸ਼ ਆਪਣੀ ਪਰਜਾ ਨੂੰ ਉਨ੍ਹਾਂ ਤੋਂ ਭਰਿਸ਼ਟ ਹੋਣ ਤੋਂ ਰੋਕਣਾ ਸੀ। ਗੈਰ-ਯਹੂਦੀ ਲੋਕਾਂ ਦੇ ਪ੍ਰਭਾਵ ਦਾ ਨਤੀਜਾ ਦੋਵੇਂ ਨਿਹਚਾ ਅਤੇ ਨੈਤਿਕ ਕਦਰਾਂ-ਕੀਮਤਾਂ ਦੇ ਸੰਬੰਧ ਵਿਚ ਇਸਰਾਏਲ ਦਾ ਧਰਮਤਿਆਗ ਹੋ ਸਕਦਾ ਸੀ। ਜਦੋਂ ਇਸਰਾਏਲੀਆਂ ਨੇ ਦੇਸ ਉੱਤੇ ਕਬਜ਼ਾ ਕਰ ਲਿਆ ਤਾਂ ਕਨਾਨ ਦੇ ਲੋਕਾਂ ਨੂੰ ਨਾਸ ਕਰਨ ਅਤੇ/ਜਾਂ ਬਾਹਰ ਕੱਢਣ ਦਾ ਹੁਕਮ ਧਾਰਮਿਕ ਚਿੰਤਾਵਾਂ ਤੋਂ ਪ੍ਰੇਰਿਤ ਸੀ, ਨਾ ਕਿ ਜਾਤੀ ਨਫ਼ਰਤ ਤੋਂ।

5. ਪੁਰਾਣਾ ਨੇਮ ਸਮੂਹਿਕ ਜ਼ਿੰਮੇਵਾਰੀ ਦੀ ਭਾਵਨਾ ਨੂੰ ਵਿਖਾਉਂਦਾ ਹੈ; ਸਰੀਰ ਦੇ ਇਕ ਅੰਗ ਦੇ ਕੰਮਾਂ ਦੇ ਕਾਰਣ ਸਾਰੇ ਸਰੀਰ ਨੂੰ ਦੋਸ਼ੀ ਸਮਝਿਆ ਗਿਆ ਹੈ ਅਤੇ ਸਮੁੱਚੇ ਸਰੀਰ ਦੇ ਪਾਪ ਦੇ ਲਈ ਹਰ ਇਕ ਅੰਗ ਨੂੰ ਜ਼ਿੰਮੇਵਾਰ ਠਹਿਰਾਇਆ ਗਿਆ ਹੈ। ਇਸ ਲਈ, ਜਿਹੜੇ ਬੇਕਸੂਰ ਸਨ (ਤੁਲਨਾਤਮਕ ਰੂਪ ਵਿਚ ਗੱਲ ਕਰਦਿਆਂ) ਅਕਸਰ ਦੋਸ਼ੀ ਦੇ ਨਾਲ ਦੁੱਖ ਝੱਲਦੇ ਸਨ।

6. ਮਿਦਯਾਨੀਆਂ ਦੇ ਨਾਸ ਅਤੇ ਇਸ ਦੇ ਨਾਲ ਮਿਲਦੀਆਂ ਜੁਲਦੀਆਂ ਘਟਨਾਵਾਂ ਦੀ ਵਿਆਖਿਆ ਕਰਨ ਵਿਚ ਸਾਡੀ ਸਮੱਸਿਆ ਇਹ ਹੈ ਕਿ ਅਸੀਂ ਪਰਮੇਸ਼ੁਰ ਦੀ ਪਵਿੱਤਰਤਾ ਨੂੰ ਪੂਰੀ ਤਰ੍ਹਾਂ ਨਹੀਂ ਸਮਝਦੇ ਜਾਂ ਪ੍ਰਸ਼ੰਸਾ ਨਹੀਂ ਕਰਦੇ। ਪਰਮੇਸ਼ੁਰ ਦੇ ਵਿਰੁੱਧ ਪਾਪ ਕਰਨ ਦੁਆਰਾ ਜਾਂ ਉਸ ਦੀ ਪਰਜਾ ਦੇ ਵਿਰੁੱਧ ਪਾਪ ਕਰਨ ਦੁਆਰਾ ਉਸ ਦੀ ਪਵਿੱਤਰਤਾ ਦੀ ਉਲੰਘਣਾ ਕਰਨ (ਜੋ ਕਿ ਇੱਕੋ ਅਪਰਾਧ ਕਰਨ ਦੇ ਬਰਾਬਰ ਹਨ) ਦੇ ਨਤੀਜੇ ਗੰਭੀਰ ਹਨ।

ਹਾਲਾਂਕਿ ਅਸੀਂ ਪਰਮੇਸ਼ੁਰ ਦੇ ਰਾਹਾਂ ਨੂੰ ਨਹੀਂ ਸਮਝ ਸਕਦੇ, ਅਸੀਂ ਵਿਸ਼ਵਾਸ ਕਰ ਸਕਦੇ

ਹਾਂ ਕਿ ਉਹ ਜੋ ਕਰਦਾ ਹੈ (ਜਾਂ ਜਿਸ ਦੀ ਉਹ ਮੰਗ ਕਰਦਾ ਹੈ) ਉਚਿਤ ਅਤੇ ਸਹੀ ਹੈ। ਜੋ ਅਸੀਂ ਸੋਚਦੇ ਹਾਂ ਕਿ ਸਹੀ ਹੈ ਉਸ ਦੇ ਆਧਾਰ ਤੇ ਪਰਮੇਸ਼ੁਰ ਦੇ ਵਿਹਾਰ ਦਾ ਫ਼ੈਸਲਾ ਕਰਨ ਦੀ ਬਜਾਇ, ਸਾਨੂੰ ਪਰਮੇਸ਼ੁਰ ਦੇ ਕੰਮਾਂ ਤੋਂ ਸਿੱਖਣਾ ਚਾਹੀਦਾ ਹੈ ਕਿ ਉਸ ਦੀਆਂ ਨਜ਼ਰਾਂ ਵਿਚ ਕੀ ਸਹੀ ਹੈ।

**ਦੋਸ਼ੀ ਦੇ ਨਾਲ ਨਿਰਦੋਸ਼? (31:1-12)**

ਪੁਰਾਣੇ ਨੇਮ ਵਿਚ ਸਮੂਹਿਕ ਜ਼ਿੰਮੇਵਾਰੀ ਦਾ ਵਿਚਾਰ ਹੈ। ਅਰਥਾਤ, ਇਕ ਵਿਅਕਤੀ ਦਾ ਅਪਰਾਧ ਲੋਕਾਂ ਦੇ ਪੂਰੇ ਸਮੂਹ ਨੂੰ ਗੰਦਾ ਕਰ ਸਕਦਾ ਸੀ ਅਤੇ ਪੂਰੇ ਸਮੂਹ ਦਾ ਅਪਰਾਧ ਵਿਅਕਤੀਗਤ ਮੈਂਬਰਾਂ ਨੂੰ ਦੋਸ਼ੀ ਬਣਾ ਦਿੰਦਾ ਸੀ, ਭਾਵੇਂ ਕਿ ਉਹ ਸਿੱਧੇ ਤੌਰ ਤੇ ਕਿਸੇ ਵੀ ਗਲਤੀ ਵਿਚ ਸ਼ਾਮਲ ਨਹੀਂ ਸੀ ਹੁੰਦੇ। ਜਦੋਂ "ਸਮੂਹਿਕ ਅਪਰਾਧ" ਦੀ ਸਜ਼ਾ ਦਿੱਤੀ ਜਾਂਦੀ ਹੈ, ਸਾਰੇ ਸਮੂਹ ਨੂੰ ਸਜ਼ਾ ਮਿਲਦੀ ਹੈ, ਭਾਵੇਂ ਕਿ ਸਾਰੇ ਬਰਾਬਰ ਦੇ ਦੋਸ਼ੀ ਨਹੀਂ ਹਨ। ਉਦਾਹਰਣ ਦੇ ਲਈ, ਯਹੋਸ਼ੁਆ 7 ਵਿਚ, ਪਰਮੇਸ਼ੁਰ ਨੇ ਆਕਾਨ ਦੇ ਵਿਅਕਤੀਗਤ ਪਾਪ ਦੀ ਸਜ਼ਾ ਇਹ ਦਿੱਤੀ ਕਿ ਇਸਰਾਏਲੀ ਅਈ ਦੀ ਲੜਾਈ ਹਾਰ ਗਏ ਅਤੇ ਇਸ ਲੜਾਈ ਵਿਚ ਛੱਤੀ ਇਸਰਾਏਲੀ ਵੀ ਮਾਰੇ ਗਏ। ਇਸਰਾਏਲ ਦੀ ਸਾਰੀ ਕੌਮ ਆਕਾਨ ਦੇ ਅਪਰਾਧ ਵਿਚ ਭਾਗੀਦਾਰ ਬਣੀ ਅਤੇ ਉਸ ਦੀ ਸਜ਼ਾ ਵਿਚ ਉਸ ਦੇ ਪੂਰੇ ਪਰਿਵਾਰ ਦੀ ਮੌਤ ਵੀ ਸ਼ਾਮਲ ਸੀ।

ਇਕ ਭਾਵ ਵਿਚ, ਸਮੂਹਿਕ ਜ਼ਿੰਮੇਵਾਰੀ ਦਾ ਵਿਚਾਰ ਅੱਜ ਵੀ ਲਾਗੂ ਹੁੰਦਾ ਹੈ। ਜਦੋਂ ਇਕ ਵਿਅਕਤੀ ਕਾਨੂੰਨ ਤੋੜਦਾ ਹੈ ਅਤੇ ਜੇਲ ਵਿਚ ਜਾਂਦਾ ਹੈ, ਉਸ ਦੇ ਪਰਿਵਾਰ ਵਿਚ ਹਰੇਕ ਨੂੰ ਉਸ ਦੀ ਗਲਤੀ ਦਾ ਮੁੱਲ ਅਦਾ ਕਰਨਾ ਪੈਂਦਾ ਹੈ। ਕਲੀਸੀਆ ਦਾ ਮੈਂਬਰ ਜਿਹੜਾ ਪਾਪ ਕਰਦਾ ਹੈ ਵਿਅਕਤੀਗਤ ਨਤੀਜੇ ਭੁਗਤ ਸਕਦਾ ਹੈ, ਪਰ ਉਸ ਦਾ ਪਾਪ ਸਾਰੀ ਕਲੀਸੀਆ ਨੂੰ ਵੀ ਚੋਟ ਪਹੁੰਚਾਉਂਦਾ ਹੈ।

ਇਹ ਧਾਰਣਾ ਉਨ੍ਹਾਂ ਕੁਝ ਲੋਕਾਂ ਸਮੇਤ ਜਿਹੜੇ ਨਿਰਦੋਸ਼ ਸਨ ਮਿਦਯਾਨੀਆਂ ਦੇ ਨਾਸ ਦੀ ਵਿਆਖਿਆ ਕਰ ਸਕਦੀ ਹੈ। ਉਹ ਸਾਰੇ ਇਕ ਦੋਸ਼ੀ ਕੌਮ ਦਾ ਹਿੱਸਾ ਸਨ; ਇਸ ਲਈ, ਉਹ ਸਾਰੇ ਲੋਕ ਜਿਹੜੇ ਮਿਦਯਾਨੀਆਂ ਦੇ ਡੇਰੇ ਵਿਚ ਸਨ ਸਮੂਹਿਕ ਤੌਰ ਤੇ ਦੋਸ਼ੀ ਅਤੇ ਸਜ਼ਾ ਦੇ ਹੱਕਦਾਰ ਸਨ।

ਇਸ ਘਟਨਾ ਵਿਚ ਇਕ ਹੋਰ ਮਹੱਤਵਪੂਰਣ ਪਹਿਲੂ ਪ੍ਰਭਾਵ ਦਾ ਤੱਤ ਹੈ। ਜੇਕਰ ਮਿਦਯਾਨੀ ਪੁਰਸ਼ ਬੱਚਿਆਂ ਨੂੰ ਇਸਰਾਏਲੀਆਂ ਦੇ ਵਿਚ ਰਹਿਣ ਦਿੱਤਾ ਜਾਂਦਾ, ਉਹ ਇਸਰਾਏਲੀਆਂ ਨੂੰ ਪਰਮੇਸ਼ੁਰ ਦੀ ਵੱਲੋਂ ਮੋੜਨ ਦੇ ਲਈ ਪ੍ਰਭਾਵਿਤ ਕਰ ਸਕਦੇ ਸਨ। ਸ਼ਾਇਦ ਬਹੁਤ ਹੀ ਛੋਟੀ ਉਮਰ ਵਿਚ, ਉਨ੍ਹਾਂ ਨੇ ਮਿਦਯਾਨੀਆਂ ਦੇ ਝੂਠੇ ਧਰਮ ਅਤੇ ਨੀਚ ਨੈਤਿਕਤਾ ਵਿਚ ਇੰਨੇ ਜ਼ਿਆਦਾ ਸਮਾ ਜਾਣਾ ਸੀ ਕਿ ਇਸਰਾਏਲੀਆਂ ਦੇ ਵਿਚ ਉਨ੍ਹਾਂ ਦੀ ਮੌਜੂਦਗੀ ਪਰਮੇਸ਼ੁਰ ਨਾਲ ਇਸਰਾਏਲ ਦੇ ਰਿਸ਼ਤੇ ਦੇ ਲਈ ਲਗਾਤਾਰ ਇਕ ਖ਼ਤਰਾ ਬਣੀ ਰਹਿਣੀ ਸੀ। ਇਸ ਲਈ, ਮਿਦਯਾਨੀ ਨਿਆਣਿਆਂ ਨੂੰ ਨਾਸ ਕਰਨਾ ਸੰਕ੍ਰਮਣ ਫੈਲਣ ਤੋਂ ਰੋਕਣ ਦੇ ਲਈ ਸਰੀਰ ਦੇ ਸੰਕ੍ਰਮਿਤ ਅੰਗ ਨੂੰ ਕੱਟਣ ਦੇ ਵਾਂਗ ਸੀ।

ਨਿਰਦੋਸ਼ ਮਿਦਯਾਨੀਆਂ ਦੇ ਨਾਸ ਸੰਬੰਧੀ ਸਭ ਤੋਂ ਵਧੀਆ ਵਿਚਾਰ ਸਿਰਫ ਇਹ ਕਹਿਣਾ ਹੈ ਕਿ "ਪਰਮੇਸ਼ੁਰ ਨੇ ਇਹ ਕੀਤਾ ਸੀ ਅਤੇ ਇਸ ਦਾ ਅਰਥ ਇਹ ਹੈ ਕਿ ਇਹ ਸਹੀ ਅਤੇ ਨਿਰਪੱਖ ਅਤੇ ਨਿਆਂਕਾਰੀ ਸੀ!" ਅਕਸਰ, ਜਦੋਂ ਪਰਮੇਸ਼ੁਰ ਦੇ ਵਿਹਾਰ ਬਾਰੇ ਸਵਾਲ ਖੜ੍ਹੇ ਕੀਤੇ ਜਾਂਦੇ ਹਨ, ਅਸੀਂ ਪਿੱਛੇ ਵੱਲ ਨੂੰ ਸਮੱਸਿਆ ਦਾ ਹੱਲ ਕਰਨ ਦੀ ਕੋਸ਼ਿਸ਼ ਕਰਦੇ ਹਾਂ। ਅਸੀਂ ਪੁੱਛਦੇ ਹਾਂ, "ਅਸੀਂ ਕਿਵੇਂ ਵਿਖਾ ਸਕਦੇ ਹਾਂ ਕਿ ਪਰਮੇਸ਼ੁਰ ਨਿਆਂਕਾਰੀ, ਨਿਰਪੱਖ, ਪ੍ਰੇਮ ਕਰਨਾ ਵਾਲਾ ਅਤੇ ਸਹੀ ਹੈ?" ਬਜਾਇ ਇਸ ਦੇ, ਸਾਨੂੰ ਇਹ ਐਲਾਨ ਕਰਨਾ ਚਾਹੀਦਾ ਹੈ ਕਿ ਪਰਮੇਸ਼ੁਰ

ਪਰਮੇਸ਼ੁਰ ਹੈ: ਇਸ ਦਾ ਅਰਥ ਹੈ ਕਿ ਉਹ ਨਿਆਂਕਾਰੀ, ਨਿਰਪੱਖ, ਪ੍ਰੇਮ ਕਰਨਾ ਵਾਲਾ ਅਤੇ ਸਹੀ ਹੈ - ਭਾਵੇਂ ਅਸੀਂ ਉਸ ਦੇ ਕੰਮਾਂ ਦੀ ਵਿਆਖਿਆ ਕਰ ਸਕਦੇ ਹਾਂ ਜਾਂ ਨਹੀਂ!

ਬੇਸ਼ੱਕ, ਇਹ ਤੱਥ ਕਿ ਪਰਮੇਸ਼ੁਰ ਨੇ ਪੁਰਾਣੇ ਨੇਮ ਦੇ ਸਮਿਆਂ ਵਿਚ ਲੋਕਾਂ ਦੇ ਇਕ ਸਮੂਹ ਦੇ ਪਾਪ ਦੇ ਕਾਰਣ ਉਨ੍ਹਾਂ ਨੂੰ ਨਾਸ ਕਰਨ ਦੀ ਮੰਗ ਕੀਤੀ ਸੀ ਦਾ ਅਰਥ ਇਹ ਨਹੀਂ ਹੈ ਕਿ ਉਹ ਅੱਜ ਕਲੀਸੀਆ ਨੂੰ ਗੈਰ-ਵਿਸ਼ਵਾਸੀਆਂ ਨੂੰ ਨਾਸ ਕਰਨ ਦੀ ਪ੍ਰਵਾਨਗੀ ਦਿੰਦਾ ਹੈ। ਮਸੀਹ ਦੀ ਪਾਤਸ਼ਾਹੀ "ਇਸ ਜਗਤ ਤੋਂ ਨਹੀਂ" (ਯੂਹੰਨਾ 18:36)। ਸ਼ਤਾਨ, ਪਾਪ ਅਤੇ ਗਲਤੀ ਦੇ ਵਿਰੁੱਧ ਯੁੱਧ ਵਿਚ ਮਸੀਹੀ ਲੋਕਾਂ ਨੂੰ ਸਿਰਫ ਇੱਕੋ ਹਥਿਆਰ ਇਸਤੇਮਾਲ ਕਰਨ ਦਾ ਅਧਿਕਾਰ ਦਿੱਤਾ ਗਿਆ ਹੈ ਅਤੇ ਉਹ ਹੈ ਪਰਮੇਸ਼ੁਰ ਦਾ ਵਚਨ (ਅਫ਼ਸੀਆਂ 6:17)।

ਜਦੋਂ ਅਸੀਂ ਕਹਿੰਦੇ ਹਾਂ ਕਿ ਪਰਮੇਸ਼ੁਰ ਬੇਨਿਆਈ ਹੈ, ਅਸੀਂ ਮਿੱਟੀ ਦੇ ਉਸ ਢੇਲੇ ਵਰਗੇ ਹਾਂ ਜਿਹੜਾ ਸ਼ਿਕਾਇਤ ਕਰਦਾ ਹੈ ਕਿ ਘੁਮਿਆਰ ਨੇ ਉਸ ਨੂੰ ਉਸ ਤਰੀਕੇ ਨਾਲ ਨਹੀਂ ਬਣਾਇਆ ਜਿਸ ਤਰੀਕੇ ਨਾਲ ਉਹ ਬਣਨਾ ਚਾਹੁੰਦਾ ਹੈ। ਕੀ ਮਿੱਟੀ ਨੂੰ ਘੁਮਿਆਰ ਨੂੰ ਇਹ ਕਹਿਣ ਦਾ ਹੱਕ ਹੈ ਕਿ ਉਸ ਨੇ ਉਸ ਨੂੰ ਕਿਵੇਂ ਦਾ ਬਣਾਉਣਾ ਹੈ? (ਵੇਖੋ ਰੋਮੀਆਂ 9:20, 21)। ਇਹ ਕਹਿਣਾ ਕਿ "ਮੈਂ ਪਰਮੇਸ਼ੁਰ ਤੇ ਵਿਸ਼ਵਾਸ ਨਹੀਂ ਕਰਾਂਗਾ ਕਿਉਂਕਿ ਉਹ ਮੇਰੇ ਜੀਵਨ ਵਿਚ ਬੁਰੀਆਂ ਗੱਲਾਂ ਹੋਣ ਦਿੰਦਾ ਹੈ" ਇਹ ਕਹਿਣ ਦੇ ਵਾਂਗ ਹੈ ਕਿ "ਕਿਉਂਕਿ ਮੌਸਮ ਨੇ ਮੇਰੇ ਘਰ ਅਤੇ ਮੇਰੀ ਫਸਲ ਦਾ ਨੁਕਸਾਨ ਕਰ ਦਿੱਤਾ ਹੈ, ਮੈਂ ਅੱਜ ਤੋਂ ਮੌਸਮ ਤੇ ਵਿਸ਼ਵਾਸ ਨਹੀਂ ਕਰਾਂਗਾ।" ਅਸੀਂ ਸੂਰਜ ਜਾਂ ਵਰਖਾ ਨੂੰ ਕਾਬੂ ਵਿਚ ਨਹੀਂ ਕਰ ਸਕਦੇ; ਪਰ ਅਸੀਂ ਇਹ ਵਿਖਾਵਾ ਨਹੀਂ ਕਰ ਸਕਦੇ ਕਿ ਉਨ੍ਹਾਂ ਦਾ ਕੋਈ ਵਜੂਦ ਨਹੀਂ ਹੈ ਜਦੋਂ ਉਹ ਸਾਨੂੰ ਅਪ੍ਰਸੰਨ ਕਰਦੇ ਹਨ। ਉਸੇ ਤਰ੍ਹਾਂ, ਸਾਨੂੰ ਇਹ ਕਹਿ ਕੇ ਕਿ ਉਸ ਦਾ ਕੋਈ ਵਜੂਦ ਨਹੀਂ ਹੈ ਪਰਮੇਸ਼ੁਰ ਨੂੰ ਖਾਰਜ ਨਹੀਂ ਕਰਨਾ ਚਾਹੀਦਾ ਜਦੋਂ ਉਹ ਸਾਡੀਆਂ ਉਮੀਦਾਂ ਤੇ ਖਰਾ ਨਹੀਂ ਉਤਰਦਾ ਹੈ।

ਪਰਮੇਸ਼ੁਰ ਦਾ ਨਿਆਂ ਕਰਨ ਦਾ ਵਿਚਾਰ ਬੇਹੂਦਾ ਹੈ। ਪਰਮੇਸ਼ੁਰ ਨਿਰਪੱਖਤਾ ਦੀ ਸਾਡੀ ਭਾਵਨਾ ਦਾ ਸ੍ਰੋਤ ਹੈ। ਸਾਨੂੰ ਸਾਡੇ ਸਿਰਜਣਹਾਰ ਤੋਂ ਵੱਧ ਕੇ ਨਿਆਂ ਬਾਰੇ ਜ਼ਿਆਦਾ ਜਾਣਨ ਦੀ ਕਲਪਨਾ ਨਹੀਂ ਕਰਨੀ ਚਾਹੀਦੀ।

---

## ਟਿੱਪਣੀਆਂ

[1]ਗੋਰਡਨ ਜੇ. ਵੈਨਹਮ, *ਗਿਣਤੀ*, ਦ ਟਿੰਡੇਲ ਓਲਡ ਟੈਸਟਾਮੈਂਟ ਕਮੈਂਟਰੀਜ਼ (ਡਾਊਨਰਸ ਗਰੋਵ, ਇਲੀਨੋਇਸ: ਇੰਟਰ-ਵਰਸਿਟੀ ਪ੍ਰੈਸ, 1981) ਵਿਚ ਸਫ਼ਾ 209. [2]ਗਲੀਸਨ ਐਲ. ਆਰਚਰ, *ਇਨਸਾਇਕਲੋਪੀਡੀਆ ਆਫ਼ ਬਾਈਬਲ ਡਿਫੀਕਲਟੀਜ* (ਗਰੈਂਡ ਰੈਪਿਡਸ, ਮਿਸ਼ੀਗਨ: ਜ਼ੋਂਡੇਰਵਨ ਪਬਲਿਸ਼ਿੰਗ ਹਾਊਸ, 1982), 142-43, 157-59. [3]ਵਚਨ ਤੋਂ ਬਾਹਰ, "ਪਾਬੰਦੀ" ਦੀ ਧਾਰਣਾ ਮੋਆਬੀ ਪੱਥਰ ਦੀ ਲਿਖਤ ਵਿਚ ਮਿਲਦੀ ਹੈ, ਜਿੱਥੇ ਪਾਤਸ਼ਾਹ ਮੇਸ਼ਾ ਨੇ ਨਬੋ ਦੇ ਸਾਰੇ ਇਸਰਾਏਲੀ ਵਾਸੀਆਂ ਨੂੰ ਮਾਰ ਦਿੱਤਾ ਸੀ, ਆਪਣੇ ਦੇਵਤਾ ਕਮੋਸ਼ ਨੂੰ "ਉਨ੍ਹਾਂ ਨੂੰ ਨਾਸ ਦੇ ਲਈ ਅਰਪਣ ਕਰਨ" ਕਰਕੇ. (*ਦਿ ਇੰਟਰਨੈਸ਼ਨਲ ਸਟੈਂਡਰਡ ਬਾਈਬਲ ਇਨਸਾਇਕਲੋਪੀਡੀਆ*, ਸੋਧਿਆ ਸੰਸਕਰਣ, ਸੰਪਾ. ਜੀਓਫਰੀ ਡਬਲਿਯੂ. ਬਰੋਮਿਲੀ [ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1986] ਵਿਚ ਸਫ਼ਾ 3:396 ਤੇ ਪੈਟਰਿਕ ਡੀ. ਮਿਲਰ "ਮੋਆਬਾਈਟ ਸਟੋਨ")। [4]ਆਰ. ਕੇ. ਹੈਰੀਸਨ, *ਗਿਣਤੀ: ਐਨ ਐਕਸਜੈਟੀਕਲ ਕਮੈਂਟਰੀ* (ਗਰੈਂਡ ਰੈਪਿਡਸ, ਮਿਸ਼ੀਗਨ: ਬੇਕਰ ਬੁਕ ਹਾਊਸ, 1992), 387. [5]ਸੀ. ਐਫ. ਕੀਲ ਅਤੇ ਐਫ. ਡੀਲਿਟਚ, *ਦ ਪੈਂਟਾਟੁਕ*, ਜਿਲਦ 3, ਅਨੁਵਾਦ ਜੇਮਸ ਮਾਰਟਿਨ, ਬਿਬਲੀਕਲ ਕਮੈਂਟਰੀ ਆਨ ਦਿ ਓਲਡ ਟੈਸਟਾਮੈਂਟ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, ਮਿਤੀ ਉਪਲਬਧ ਨਹੀਂ ਹੈ), 229-30.